@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 26 September 2025

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 26 ਸਤੰਬਰ 2025, 12 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 317, qpatrika@gmail.com ਫੋਨ : 9971359517 www.qaumipatrika.org

ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਸੁਖਬੀਰ ਬਾਦਲ ਵੱਲੋਂ ਫੌਗਿੰਗ ਮਸ਼ੀਨਾਂ ਕੀਤੀਆਂ ਗਈਆਂ ਰਵਾਨਾ

ਚੰਡੀਗੜ੍ਹ 25 ਸਤੰਬਰ। ਪੰਜਾਬ ਵਿਚ ਆਏ ਹੜ੍ਹ ਨਾਲ ਹੋਏ ਨੁਕਸਾਨ ਤੋਂ ਪ੍ਰਭਾਵਿਤ ਪਿੰਡਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੀੜਤਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ। ਇਸੇ ਤਹਿਤ ਹੜ੍ਹ ਨਾਲ ਹੋਏ ਨੁਕਸਾਨ ਤੋਂ ਪ੍ਰਭਾਵਿਤ ਸੰਗਤ ਦੀ ਮਦਦ ਦੇ ਉਪਰਾਲੇ ਵੱਜੋਂ ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੱਖ ਦਫ਼ਤਰ ਚੰਡੀਗੜ੍ਹ ਤੋਂ 500 ਫੌਗਿੰਗ ਮਸ਼ੀਨਾਂ ਵੱਖ-ਵੱਖ ਇਲਾਕਿਆਂ ਲਈ ਰਵਾਨਾ ਕੀਤੀਆਂ। ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੱਛਰਾਂ ਨਾਲ ਫੈਲਣ ਵਾਲੀਆਂ ਬੀਮਾਰੀਆਂ ਤੋਂ ਬਚਾਅ ਲਈ ਯੂਥ ਅਕਾਲੀ ਦਲ

ਦੇ ਵਰਕਰ ਸਾਹਿਬਾਨ ਇਨ੍ਹਾਂ ਮਸ਼ੀਨਾਂ ਨਾਲ ਪਿੰਡ ਪਿੰਡ ਦਵਾਈ ਛਿੜਕਾਅ ਦੀ ਡਿਊਟੀ ਆਪ ਨਿਭਾਉਣਗੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬੀਆਂ ਦੀ ਆਪਣੀ ਪਾਰਟੀ ਹੈ ਅਤੇ ਹਰ ਦੁੱਖ-ਸੁੱਖ ਵਿੱਚ ਆਪਣਿਆਂ ਦੇ ਨਾਲ ਖੜ੍ਹੀ ਹੈ। ਅਸੀਂ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ, ਡੀਜ਼ਲ, ਜਾਲ ਲਈ ਤਾਰ, ਮੋਟਰ ਪੰਪ, ਪਾਈਪਾਂ, ਜਨਰੇਟਰ ਅਤੇ ਪਸ਼ੂਆਂ ਲਈ ਅਚਾਰ ਦੀ ਸੇਵਾ ਨਿਭਾਉਣ ਤੋਂ ਬਾਅਦ ਹੁਣ ਅਗਲੇ ਪੜਾਅ ਵਿੱਚ 50,000 ਲੋੜਵੰਦ ਪਰਿਵਾਰਾਂ ਨੂੰ ਖਾਣ ਲਈ ਕਣਕ ਅਤੇ ਇਸ ਤੋਂ ਇਲਾਵਾ 1 ਲੱਖ ਏਕੜ ਜ਼ਮੀਨ ਲਈ ਕਣਕ ਦੇ ਬੀਜ ਦਾ ਪ੍ਰਬੰਧ ਕਰ ਰਹੇ ਹਾਂ। ਵਾਹਿਗੁਰੂ ਜੀ ਮਿਹਰ ਕਰਣਗੇ, ਆਪਾਂ ਰਲ ਮਿਲ ਕੇ ਹੌਂਸਲੇ ਨਾਲ ਇਸ ਔਖੀ ਘੜੀ ਵਿੱਚੋਂ ਛੇਤੀ ਨਿਕਲ ਆਵਾਂਗੇ।

ਭਾਜਪਾ ਨੇ ਧਰਮਿੰਦਰ ਪ੍ਰਧਾਨ ਨੂੰ ਬਣਾਇਆ ਬਿਹਾਰ ਦਾ ਚੋਣ ਇੰਚਾਰਜ

ਨਵੀਂ ਦਿੱਲੀ, 25 ਸਤੰਬਰ। ਭਾਰਤੀ ਜਨਤਾ ਪਾਰਟੀ ਨੇ ਵੀਰਵਾਰ ਨੂੰ 2 ਪ੍ਰਮੁੱਖ ਓ. ਬੀ. ਸੀ. ਚਿਹਰਿਆਂ ਅਤੇ ਪਾਰਟੀ ਦੇ ਸਭ ਤੋਂ ਤਜਰਬੇਕਾਰ ਚੋਣ ਪ੍ਰਬੰਧਕਾਂ, ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਅਤੇ ਭੂਪੇਂਦਰ ਯਾਦਵ ਨੂੰ ਕ੍ਰਮਵਾਰ ਬਿਹਾਰ ਅਤੇ ਬੰਗਾਲ ਵਿਧਾਨ ਸਭਾ ਚੋਣਾਂ ਲਈ ਆਪਣੇ ਇੰਚਾਰਜ ਨਿਯੁਕਤ ਕੀਤਾ ਹੈ। ਅਗਲੇ ਸਾਲ ਹੋਣ ਵਾਲੀਆਂ ਤਿੰਨ ਸੂਬਿਆਂ ਦੀਆਂ ਚੋਣਾਂ ਲਈ ਕੁਝ ਮਹੱਤਵਪੂਰਨ ਨਿਯੁਕਤੀਆਂ ਕਰਦੇ ਹੋਏ ਭਾਜਪਾ ਨੇ ਆਪਣੇ ਉਪ-ਪ੍ਰਧਾਨਾਂ ਵਿਚੋਂ ਇਕ ਬੈਜਯੰਤ 'ਜੈ' ਪਾਂਡਾ ਨੂੰ ਤਾਮਿਲਨਾਡੂ ਵਿਚ ਵਿਧਾਨ ਸਭਾ ਚੋਣਾਂ ਲਈ ਇੰਚਾਰਜ ਨਿਯੁਕਤ ਕੀਤਾ ਹੈ, ਜਿੱਥੇ ਇਹ ਅੰਨਾਦਮੁਕ ਦਾ ਇਕ ਜੂਨੀਅਰ ਸਹਿਯੋਗੀ ਹੈ। ਬਿਹਾਰ ਵਿਧਾਨ ਸਭਾ ਚੋਣਾਂ ਨਵੰਬਰ ਵਿਚ ਹੋਣ ਦੀ ਉਮੀਦ ਹੈ, ਜਦੋਂ ਕਿ ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿਚ ਚੋਣਾਂ ਅਗਲੇ ਸਾਲ ਮਾਰਚ-ਅਪ੍ਰੈਲ ਵਿਚ ਹੋਣ ਦਾ ਪ੍ਰਸਤਾਵ ਹੈ। ਭਾਜਪਾ ਦੇ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਕੇਂਦਰੀ ਮੰਤਰੀ ਸੀ.ਆਰ. ਪਾਟਿਲ, ਪਾਰਟੀ ਦੀ ਗੁਜਰਾਤ ਇਕਾਈ ਦੇ ਮੁਖੀ, ਅਤੇ ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਬਿਹਾਰ ਚੋਣਾਂ ਲਈ ਸਹਿ-ਇੰਚਾਰਜ ਹਨ। ਤ੍ਰਿਪੁਰਾ ਦੇ ਸਾਬਕਾ ਮੁੱਖ ਮੰਤਰੀ ਬਿਪਲਬ ਕੁਮਾਰ ਦੇਬ ਪੱਛਮੀ ਬੰਗਾਲ ਲਈ ਸਹਿ-ਇੰਚਾਰਜ ਹੋਣਗੇ, ਅਤੇ ਕੇਂਦਰੀ ਮੰਤਰੀ ਮੁਰਲੀਧਰ ਮੋਹੋਲ ਤਾਮਿਲਨਾਡੂ ਲਈ ਸਹਿ-ਇੰਚਾਰਜ ਹੋਣਗੇ।

ਜੀਐਸਟੀ ਦਰਾਂ 'ਚ ਹੋਰ ਹੋ ਸਕਦੀ ਹੈ ਕਟੌਤੀ: ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 25 ਸਤੰਬਰ। ਜੀਐਸਟੀ ਦਰਾਂ ਹੋਰ ਘਟਾਈਆਂ ਜਾ ਸਕਦੀਆਂ ਹਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਵੱਲ ਇਸ਼ਾਰਾ ਕੀਤਾ ਹੈ। ਅੱਠ ਸਾਲ ਪਹਿਲਾਂ ਸ਼ੁਰੂ ਕੀਤੀ ਗਈ ਜੀਐਸਟੀ ਪ੍ਰਣਾਲੀ ਨੇ ਹਾਲ ਹੀ ਵਿੱਚ ਆਪਣਾ ਸਭ ਤੋਂ ਵੱਡਾ ਬਦਲਾਅ ਕੀਤਾ ਹੈ। ਜੀਐਸਟੀ ਕੌਂਸਲ ਨੇ ਲਗਭਗ 400 ਵਸਤੂਆਂ 'ਤੇ ਜੀਐਸਟੀ ਦਰਾਂ ਘਟਾਉਣ ਦਾ ਫੈਸਲਾ ਕੀਤਾ ਹੈ, ਜੋ ਕਿ 22 ਸਤੰਬਰ ਨੂੰ ਨਵਰਾਤਰੀ ਦੇ ਪਹਿਲੇ ਦਿਨ ਲਾਗੂ ਹੋਇਆ ਸੀ। ਮੋਦੀ ਨੇ ਕਿਹਾ ਕਿ ਜਿਵੇਂ-ਜਿਵੇਂ ਦੇਸ਼ ਆਰਥਿਕ ਤੌਰ 'ਤੇ ਮਜ਼ਬੂਤ ??ਹੁੰਦਾ ਜਾਵੇਗਾ, ਟੈਕਸ ਦਾ ਬੋਝ ਘੱਟਦਾ ਜਾਵੇਗਾ। ਉਨ੍ਹਾਂ ਕਿਹਾ ਕਿ ਜੀਐਸਟੀ ਬਦਲਾਅ ਢਾਂਚਾਗਤ ਸੁਧਾਰ ਹਨ ਜੋ ਭਾਰਤ ਦੀ ਵਿਕਾਸ ਕਹਾਣੀ ਨੂੰ ਨਵੇਂ ਖੰਭ ਦੇਣਗੇ। ਗ੍ਰੇਟਰ ਨੋਇਡਾ ਵਿੱਚ ਯੂਪੀ ਇੰਟਰਨੈਸ਼ਨਲ ਟ੍ਰੇਡ ਸ਼ੋਅ ਦਾ ਉਦਘਾਟਨ ਕਰਨ ਤੋਂ ਬਾਅਦ, ਮੋਦੀ ਨੇ ਕਿਹਾ, ਅੱਜ ਦੇਸ਼ ਜੀਐਸਟੀ ਤਿਉਹਾਰ ਮਨਾ ਰਿਹਾ ਹੈ। ਪਰ ਅਸੀਂ ਇੱਥੇ ਹੀ ਨਹੀਂ ਰੁਕਣ ਵਾਲੇ। 2017 ਵਿੱਚ, ਅਸੀਂ ਅਰਥਵਿਵਸਥਾ ਨੂੰ ਮਜ਼ਬੂਤ ??ਕਰਨ ਲਈ ਜੀਐਸਟੀ ਪੇਸ਼ ਕੀਤਾ। ਇਸ ਸਾਲ, ਅਸੀਂ ਇਸਨੂੰ ਦੁਬਾਰਾ ਪੇਸ਼ ਕੀਤਾ ਹੈ, ਜੋ ਅਰਥਵਿਵਸਥਾ ਨੂੰ ਮਜ਼ਬੂਤ ??ਕਰੇਗਾ। ਜਿਵੇਂ-ਜਿਵੇਂ ਆਰਥਿਕ ਮਜ਼ਬੂਤੀ ਵਧਦੀ ਹੈ, ਲੋਕਾਂ 'ਤੇ

ਟੈਕਸ ਦਾ ਬੋਝ ਘੱਟਦਾ ਜਾਵੇਗਾ। ਦੇਸ਼ ਵਾਸੀਆਂ ਦੇ ਆਸ਼ੀਰਵਾਦ ਨਾਲ, ਜੀਐਸਟੀ ਸੁਧਾਰਾਂ ਦੀ ਪ੍ਰਕਿਰਿਆ ਜਾਰੀ ਰਹੇਗੀ। ਪ੍ਰਧਾਨ ਮੰਤਰੀ ਨੇ ਦੁਨੀਆ ਭਰ ਦੀਆਂ ਕੰਪਨੀਆਂ ਨੂੰ ਭਾਰਤ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਭਾਰਤ ਨੇ ਖੁੱਲ੍ਹੇ ਪਲੇਟਫਾਰਮ ਬਣਾਏ ਹਨ ਜੋ ਸਾਰਿਆਂ ਨੂੰ ਇਕੱਠੇ ਕਰਦੇ ਹਨ। ਇਨ੍ਹਾਂ ਵਿੱਚ UPI, ਆਧਾਰ, ਡਿਜੀਲਾਕਰ, ONDC, ਆਦਿ ਸ਼ਾਮਲ ਹਨ, ਜੋ ਸਾਰਿਆਂ ਲਈ ਮੌਕੇ ਪ੍ਰਦਾਨ ਕਰਦੇ ਹਨ। ਉਨ੍ਹਾਂ ਦਾ ਮੰਤਰ ਸਾਰਿਆਂ ਲਈ ਪਲੇਟਫਾਰਮ, ਸਾਰਿਆਂ ਲਈ ਤਰੱਕੀ ਹੈ। ਦੁਨੀਆ ਵਿੱਚ ਉਥਲ-ਪੁਥਲ ਅਤੇ ਅਨਿਸ਼ਚਿਤਤਾ ਦੇ ਬਾਵਜੂਦ, ਭਾਰਤ ਦਾ ਵਿਕਾਸ ਪ੍ਰਭਾਵਸ਼ਾਲੀ ਹੈ। ਸਵਦੇਸ਼ੀ 'ਤੇ ਜ਼ੋਰ ਦਿੰਦੇ ਹੋਏ ਮੋਦੀ ਨੇ ਕਿਹਾ, ਭਾਰਤ ਨੂੰ ਸਵੈ-ਨਿਰਭਰ ਬਣਨਾ ਚਾਹੀਦਾ ਹੈ। ਹਰ ਉਤਪਾਦ ਜੋ ਅਸੀਂ ਭਾਰਤ ਵਿੱਚ ਬਣਾ ਸਕਦੇ ਹਾਂ, ਸਾਨੂੰ ਇਸਨੂੰ ਭਾਰਤ ਵਿੱਚ ਬਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਭਾਰਤ ਵਿੱਚ ਇੱਕ ਜੀਵੰਤ ਰੱਖਿਆ ਖੇਤਰ ਵਿਕਸਤ ਕਰ ਰਹੇ ਹਾਂ। ਹਰ ਹਿੱਸੇ 'ਤੇ ਮੇਡ ਇਨ ਇੰਡੀਆ ਦੀ ਮੋਹਰ ਹੋਣੀ ਚਾਹੀਦੀ ਹੈ। ਅਸੀਂ ਅਜਿਹਾ ਈਕੋਸਿਸਟਮ ਬਣਾ ਰਹੇ ਹਾਂ।

ਵੋਟਾਂ ਦੀ ਗਿਣਤੀ ਦੇ ਨਿਯਮ 'ਚ ਕੀਤਾ ਵੱਡਾ ਬਦਲਾਅ

ਨੈਸ਼ਨਲ ਡੈਸਕ 25 ਸਤੰਬਰ। ਚੋਣ ਕਮਿਸ਼ਨ ਨੇ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਪਾਰਦਰਸ਼ਤਾ ਵਧਾਉਣ ਲਈ ਪੋਸਟਲ ਬੈਲੇਟ ਦੀ ਗਿਣਤੀ ਦੇ ਨਿਯਮਾਂ 'ਚ ਬਦਲਾਅ ਕੀਤਾ ਹੈ। ਹੁਣ ਤੱਕ ਪੋਸਟਲ ਬੈਲੇਟ ਦੀ ਗਿਣਤੀ ਸਵੇਰੇ 8:00 ਵਜੇ ਸ਼ੁਰੂ ਹੁੰਦੀ ਸੀ, ਅਤੇ ਈਵੀਐਮ ਦੀ ਗਿਣਤੀ ਸਵੇਰੇ 8:30 ਵਜੇ ਸ਼ੁਰੂ ਹੁੰਦੀ ਸੀ। ਪੁਰਾਣੇ ਨਿਯਮਾਂ ਦੇ ਤਹਿਤ ਈਵੀਐਮ ਦੀ ਗਿਣਤੀ ਪੋਸਟਲ ਬੈਲੇਟ ਦੀ ਗਿਣਤੀ ਤੋਂ ਬਿਨਾਂ ਵੀ ਜਾਰੀ ਰਹਿ ਸਕਦੀ ਸੀ। ਇਸ ਨਾਲ ਕਈ ਵਾਰ ਈਵੀਐਮ ਦੀ ਗਿਣਤੀ ਪਹਿਲਾਂ ਪੂਰੀ ਹੋ ਸਕਦੀ ਸੀ ਅਤੇ ਪੋਸਟਲ ਬੈਲੇਟ ਦੀ ਗਿਣਤੀ ਬਾਅਦ ਵਿੱਚ। ਹਾਲਾਂਕਿ, ਡਾਕ ਵੋਟਾਂ ਦੀ ਗਿਣਤੀ ਆਮ ਤੌਰ 'ਤੇ ਪਹਿਲਾਂ ਪੂਰੀ ਕੀਤੀ ਜਾਂਦੀ ਸੀ। ਨਵੀਂ ਪ੍ਰਣਾਲੀ ਦੇ ਤਹਿਤ ਕਮਿਸ਼ਨ ਨੇ ਫੈਸਲਾ ਕੀਤਾ ਹੈ ਕਿ ਈਵੀਐਮ ਦੀ ਗਿਣਤੀ ਦਾ ਅੰਤਮ ਦੌਰ ਪੋਸਟਲ ਬੈਲੇਟ ਦੀ ਗਿਣਤੀ ਪੂਰੀ ਹੋਣ ਤੋਂ ਬਾਅਦ ਹੀ ਸ਼ੁਰੂ ਹੋਵੇਗਾ। ਇਸ ਫੈਸਲੇ ਦਾ ਉਦੇਸ਼ ਗਿਣਤੀ ਪ੍ਰਕਿਰਿਆ ਵਿੱਚ ਇਕਸਾਰਤਾ ਅਤੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣਾ ਹੈ। ਇਹ ਨਵੀਂ ਪ੍ਰਣਾਲੀ ਨਵੰਬਰ ਵਿੱਚ ਹੋਣ ਵਾਲੀਆਂ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਪਹਿਲਾਂ ਲਾਗੂ ਕੀਤੀ ਜਾਵੇਗੀ। ਕਮਿਸ਼ਨ ਨੇ ਇਹ ਵੀ ਨਿਰਦੇਸ਼ ਦਿੱਤਾ ਹੈ ਕਿ ਜਿੱਥੇ ਡਾਕ ਵੋਟਾਂ ਦੀ ਗਿਣਤੀ ਜ਼ਿਆਦਾ ਹੋਵੇਗੀ, ਉੱਥੇ ਚੋਣ ਅਧਿਕਾਰੀ ਗਿਣਤੀ ਵਿੱਚ ਕਿਸੇ ਵੀ ਦੇਰੀ ਤੋਂ ਬਚਣ ਲਈ ਢੁਕਵੇਂ ਮੇਜ਼ ਅਤੇ ਸਟਾਫ ਤਾਇਨਾਤ ਕਰਨਗੇ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨੌਜਵਾਨਾਂ ਲਈ ਵਿਲੱਖਣ ਮੁਹਿੰਮ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ/ ਚੰਡੀਗੜ੍ਹ 25 ਸਤੰਬਰ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤ ਦੇਸ਼ ਵਿੱਚ ਇੱਕ ਸੰਸਥਾ ਹੈ, ਜੋ ਦਿੱਲੀ ਸਿੱਖ ਗੁਰਦੁਆਰਾ ਐਕਟ, 1971 ਦੇ ਅਧੀਨ ਕੰਮ ਕਰ ਰਹੀ ਹੈ, ਜੋ ਕਿ ਭਾਰਤ ਦੀ ਪਾਰਲੀਮੈਂਟ ਵੱਲੋਂ ਲਾਗੂ ਕੀਤਾ ਗਿਆ ਇੱਕ ਕਾਨੂੰਨ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਿੱਲੀ ਸ਼ਹਿਰ ਵਿੱਚ ਗੁਰਦੁਆਰਿਆਂ,ਸਿੱਖ ਧਾਰਮਿਕ ਸਥਾਨਾਂ ਦੇ ਪ੍ਰਬੰਧਨ ਲਈ ਜ਼ਿੰਮੇਵਾਰ ਹੈ। ਇਹ ਦਿੱਲੀ ਵਿੱਚ ਵੱਖ-ਵੱਖ ਵਿਦਿਅਕ ਸੰਸਥਾਵਾਂ, ਹਸਪਤਾਲਾਂ, ਬਿਰਧ ਘਰਾਂ, ਲਾਇਬ੍ਰੇਰੀਆਂ ਅਤੇ ਹੋਰ ਚੈਰੀਟੇਬਲ ਸੰਸਥਾਵਾਂ ਦਾ ਪ੍ਰਬੰਧਨ ਵੀ ਕਰਦੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਿਰਫ ਗੁਰਦੁਆਰਿਆਂ ਦੇ ਪ੍ਰਬੰਧ ਤੱਕ ਸੀਮਿਤ ਨਹੀਂ ਹੈ,ਸਗੋਂ ਇਹ ਸਿੱਖ ਧਰਮ ਦੀ ਆਤਮਿਕ, ਸਿੱਖਿਅਕ ਅਤੇ ਸਮਾਜਿਕ ਮੁੱਲਾਂ ਦੀ ਰੱਖਿਆ ਅਤੇ ਵਿਕਾਸ ਲਈ ਹਮੇਸ਼ਾ ਸਰਗਰਮ ਰਹਿੰਦੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਧਰਮ ਦੀ ਪ੍ਰਚਾਰ-ਪ੍ਰਸਾਰ ਅਤੇ ਗੁਰਦੁਆਰਿਆਂ ਦੇ ਸੁਚਾਰੂ ਪ੍ਰਬੰਧ ਲਈ ਸਮਰਪਿਤ ਇੱਕ ਅਤਿ-ਮਹੱਤਵਪੂਰਨ ਸੰਸਥਾ ਹੈ। ਸਿੱਖ ਪੰਥ ਦੀ ਨਵੀ ਪਨੀਰੀ ਨੂੰ ਦੁਨਿਆਵੀ ਵਿਦਿਆ ਦੇ ਨਾਲ ਸਿੱਖਾਂ ਦੇ ਮਹਾਨ ਵਿਰਸੇ ਨੂੰ ਜਾਣੂ ਕਰਵਾਉਣ ਲਈ ਕੈਂਪਾਂ ਬੱਚਿਆਂ ਨੂੰ ਆਪਣੀ ਧਰਮ ਨਾਲ ਗੁਰ ਇਤਿਹਾਸ ਨਾਲ ਜੋੜਨ ਵਾਸਤੇ ਗੁਰਮਤਿ ਕੈਂਪਾਂ ਦਾ

ਆਯੋਜਨ ਕੀਤਾ ਗਿਆ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਸਾਲ 2025 ਵਿੱਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਐਨ.ਸੀ.ਆਰ. ਦਿੱਲੀ ਸਮੇਤ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਸਿੱਖ ਧਾਰਮਿਕ ਜਾਗਰੂਕਤਾ ਸੰਬੰਧੀ ਇਕ ਪ੍ਰਭਾਵਸ਼ਾਲੀ ਮੁਹਿੰਮ ਉਲੀਕੀ ਗਈ। ਇਸ ਵਿਸ਼ੇਸ਼ ਮੁਹਿੰਮ ਦਾ ਪ੍ਰਮੁੱਖ ਮੰਤਵ ਨੌਜਵਾਨ ਵਿਦਿਆਰਥੀਆਂ ਨੂੰ ਗੁਰਮਤਿ ਸਿੱਖਿਆ ਨਾਲ ਜੋੜਨਾ ਅਤੇ ਸਿੱਖ ਧਰਮ ਦੇ ਅਮੋਲਕ ਸੰਦੇਸ਼ ਵੱਲ ਪ੍ਰੇਰਿਤ ਕਰਨਾ ਸੀ। ਇਸ ਵਿਸ਼ੇਸ਼ ਮੁਹਿੰਮ ਅਧੀਨ 250 ਤੋਂ ਵੱਧ ਗੁਰਮਤਿ ਕੈਂਪ ਦਿੱਲੀ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਬਿਹਾਰ ਅਤੇ ਹੋਰ ਰਾਜਾਂ ਵਿੱਚ ਆਯੋਜਤ ਕੀਤੇ ਗਏ। ਇਨ੍ਹਾਂ ਕੈਂਪਾਂ ਵਿੱਚ ਵੱਖੋ-ਵੱਖਰੇ ਸਕੂਲਾਂ ਦੇ ਹਜ਼ਾਰਾਂ ਨੌਜਵਾਨਾਂ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਗੁਰਮਤਿ ਕੈਂਪਾਂ ਵਿੱਚ ਮੁੱਖ-ਗਤੀਵਿਧੀਆਂ ਵਿੱਚ ਨੌਜਵਾਨ ਵਿਦਿਆਰਥੀਆਂ ਨੂੰ ਗੁਰਬਾਣੀ ਪਾਠ ਤੇ ਕੀਰਤਨ ਸਿੱਖਿਆ ਦਿੱਤੀ ਗਈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਸ਼ੁੱਧ ਉਚਾਰਣ ਨਾਲ ਪਾਠ ਕਰਨਾ ਅਤੇ ਰਾਗੀ ਜਥਿਆਂ ਦੀ ਸੰਗਤ ਵਿੱਚ ਕੀਰਤਨ ਸਿੱਖਣ ਦਾ ਮੌਕਾ ਮਿਲਿਆ।ਇਨ੍ਹਾਂ ਕੈਂਪਾਂ ਵਿੱਚ ਵਿਦਿਆਰਥੀ ਜੋ ਕਿ ਨੌਜਵਾਨ ਪੀੜ੍ਹੀ ਦੇ ਰੂਪ ਵਿੱਚ ਇਨ੍ਹਾਂ ਕੈਂਪਾਂ ਵਿੱਚ ਹਾਜ਼ਰ ਹੋਏ ਨੂੰ ਸਿੱਖ ਇਤਿਹਾਸ ਅਤੇ ਮਹਾਨ ਗੁਰਸਿੱਖਾਂ ਤੇ ਗੁਰੂ ਸਾਹਿਬਾਨ ਦੇ ਜੀਵਨ ਸੰਦਰਭਾਂ ਰਾਹੀਂ ਨੌਜਵਾਨਾਂ ਵਿੱਚ ਚੇਤਨਾ ਜਗਾਈ ਗਈ।

ਅੰਤਰਰਾਸ਼ਟਰੀ ਸਰਹੱਦ 'ਤੇ ਪਾਕਿਸਤਾਨੀ ਘੁਸਪੈਠੀਏ ਨੂੰ ਫੜਿਆ

ਨੈਸ਼ਨਲ ਡੈਸਕ 25 ਸਤੰਬਰ। ਜੰਮੂ-ਕਸ਼ਮੀਰ ਵਿੱਚ ਅੰਤਰਰਾਸ਼ਟਰੀ ਸਰਹੱਦ ਨੇੜੇ ਆਰ.ਐਸ. ਪੁਰਾ ਸੈਕਟਰ ਤੋਂ ਇੱਕ ਪਾਕਿਸਤਾਨੀ ਘੁਸਪੈਠੀਏ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਮਹੀਨੇ ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਦੁਆਰਾ ਇਸ ਖੇਤਰ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਇਹ ਦੂਜਾ ਪਾਕਿਸਤਾਨੀ ਨਾਗਰਿਕ ਹੈ। ਅਧਿਕਾਰੀਆਂ ਨੇ ਦੱਸਿਆ ਕਿ ਚੌਕਸ ਬੀ.ਐਸ.ਐਫ. ਕਰਮਚਾਰੀਆਂ ਨੇ ਸਰਹੱਦ ਪਾਰ ਤੋਂ ਘੁਸਪੈਠ ਕਰਨ ਦੀ ਕੋਸ਼ਿਸ਼ ਕਰ ਰਹੇ ਇੱਕ ਵਿਅਕਤੀ ਦੀ ਗਤੀਵਿਧੀ ਨੂੰ ਦੇਖਿਆ ਅਤੇ ਉਸਨੂੰ ਭਾਰਤੀ ਖੇਤਰ ਵਿੱਚ ਦਾਖਲ ਹੁੰਦੇ ਹੀ ਫੜ ਲਿਆ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਵਿਅਕਤੀ ਤੋਂ ਕੋਈ ਵੀ ਅਪਰਾਧਿਕ ਸਮੱਗਰੀ ਬਰਾਮਦ ਨਹੀਂ ਹੋਈ। ਵੱਖ-ਵੱਖ ਸੁਰੱਖਿਆ ਏਜੰਸੀਆਂ ਦੀਆਂ ਸਾਂਝੀਆਂ ਟੀਮਾਂ ਉਸ ਤੋਂ ਪੁੱਛਗਿੱਛ ਕਰ ਰਹੀਆਂ ਹਨ। 8 ਸਤੰਬਰ ਨੂੰ ਆਰ.ਐਸ. ਪੁਰਾ ਸੈਕਟਰ ਦੇ ਆਕਟਰੋਏ ਖੇਤਰ ਤੋਂ ਇੱਕ ਪਾਕਿਸਤਾਨੀ ਘੁਸਪੈਠੀਏ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਪਾਕਿਸਤਾਨ ਦੇ ਪੰਜਾਬ ਸੂਬੇ ਦੇ ਸਰਗੋਧਾ ਦੇ ਰਹਿਣ ਵਾਲੇ ਘੁਸਪੈਠੀਏ ਸਿਰਾਜ ਖਾਨ ਨੇ ਚੇਤਾਵਨੀ ਦਿੱਤੇ ਜਾਣ ਤੋਂ ਬਾਅਦ ਕੁਝ ਗੋਲੀਆਂ ਚਲਾਈਆਂ। ਉ

ਹਰਿਆਣਾ ਸਰਕਾਰ ਨੇ ਰਾਇਸ ਮਿਲਰਸ ਦੇ ਹਿੱਤ ਵਿੱਚ ਕੀਤਾ ਵੱਡਾ ਫੈਸਲਾ

ਕੌਮੀ ਪਤ੍ਰਿਕਾ

ਚੰਡੀਗੜ੍ਹ, 25 ਸਤੰਬਰ: ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਰਾਇਸ ਮਿਲਰਸ ਦੇ ਹਿੱਤ ਵਿੱਚ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ ਹਰਿਆਣਾ ਸਰਕਾਰ ਨੇ ਝੋਨੇ ਦੀ ਡਿਲੀਵਰੀ ਸਮੇਂ ਅਤੇ ਬੋਨਸ ਰਕਮ ਦੀ ਸਮੇਂ ਨੂੰ 15 ਮਾਰਚ, 2025 ਤੋਂ ਵਧਾ ਕੇ 30 ਜੂਨ, 2025 ਤੱਕ ਕਰਨ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਨਾਲ ਰਾਜ ਦੀ ਲਗਭਗ 1000 ਮਿੱਲਾਂ ਨੂੰ ਸਿੱਧਾ ਲਾਭ ਮਿਲੇਗਾ। ਨਾਲ ਹੀ, ਇੰਨ੍ਹਾਂ ਮਿਲਰਸ ਨੂੰ ਬੋਨਸ ਰਕਮ ਤੋਂ ਇਲਾਵਾ ਲਗਭਗ 50 ਕਰੋੜ ਰੁਪਏ ਦੇ ਹੋਲਡਿੰਗ ਚਾਰਜਿਸ ਵਿੱਚ ਵੀ ਛੋਟ ਦਾ ਲਾਭ ਪ੍ਰਾਪਤ ਹੋਵੇਗਾ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਇੱਥੇ ਆਯੋਜਿਤ ਪ੍ਰੈਸ ਕਾਨਫ?ਰੈਂਸ ਨੂੰ ਸੰਬੋਧਿਤ ਕਰਦੇ ਹਏ ਕਿਹਾ ਕਿ ਹਰਿਆਣਾ ਰਾਇਸ ਮਿਲਰਸ ਏਸੋਸਇਏਸ਼ਨ ਵੱਲੋਂ ਸੂਬਾ ਸਰਕਾਰ ਨੂੰ ਇਹ ਜਾਣੂ ਕਰਵਾਇਆ ਗਿਆ ਕਿ ਭਾਰਤੀ ਖੁਰਾਕ ਨਿਗਮ ਵੱਲੋਂ ਝੋਨੇ ਦੀ ਡਿਲੀਵਰੀ ਲਗਭਗ 45 ਦਿਨ ਦੇਰ ਨਾਲ ਸ਼ੁਰੂ ਕੀਤੀ ਗਈ ਜਿਸ ਦੇ ਕਾਰਨ ਮਿਲਰਸ ਆਪਣਾ ਕੰਮ ਨਿਰਧਾਰਿਤ ਸਮੇਂ ਵਿੱਚ ਪੂਰਾ ਨਹੀਂ ਕਰ ਪਾਏ। ਹਰਿਆਣਾ ਰਾਇਸ ਮਿਲਰਸ ਏਸੋਸਇਏਸ਼ਨ ਦੀ ਮੰਗ ਨੂੰ ਸਹੀ ਸਮਝਦੇ ਹੋਏ ਸੂਬਾ ਸਰਕਾਰ ਨੇ ਰਾਇਸ ਮਿਲਰਸ ਨੂੰ ਦਿੱਤੇ ਜਾਣ ਵਾਲੀ ਬੋਨਸ ਦੀ ਰਕਮ ਦੇ ਸਮੇਂ ਨੂੰ 15 ਮਾਰਚ 2025 ਤੋਂ ਵਧਾ ਕੇ 30 ਜੂਨ, 2025 ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਲਾਵਾ, ਰਾਇਸ ਮਿਲਰਸ ਨੂੰ ਝੋਨੇ ਦੀ ਡਿਲੀਵਰੀ ਸਮੇਂ ਨੂੰ ਵੀ ਰੀ-ਸ਼ੈਡੀਯੂਲ ਕਰਦੇ ਹੋਏ 30 ਜੂਨ 2025 ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਨਾਲ ਸਾਰੇ ਰਾਇਸ ਮਿਲਰਸ ਨੂੰ ਬੋਨਸ ਦੀ ਰਕਮ ਤੋਂ ਇਲਾਵਾ ਹੋਲਡਿੰਗ ਚਾਰਜਿਸ ਵਿੱਚ ਵੀ ਛੋਟ ਦਾ ਲਾਭ ਪ੍ਰਾਪਤ ਹੋਵੇਗਾ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਲਈ ਪ੍ਰਤੀਬੱਧ ਹੈ। ਇਸੀ ਲੜੀ ਵਿੱਚ 1 ਅਕਤੂਬਰ ਦੀ ਥਾਂ ਹੁਣ 25 ਸਤੰਬਰ, 2025 ਤੋਂ ਰਾਜ ਵਿੱਚ ਖਰੀਫ ਫਸਲਾਂ ਦੀ ਸਰਕਾਰੀ ਖਰੀਦ ਸ਼ੁਰੂ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਨੇ ਕਿਸਾਨਾਂ ਨੂੰ ਐਮਐਸਪੀ ਦੇ ਬਾਰੇ ਵਿੱਚ ਗੁਮਰਾਹ ਕਰਨ ਦਾ ਕੰਮ ਕੀਤਾ ਕਿ ਭਾਜਪਾ ਸਰਕਾਰ ਐਮਐਸਪੀ ਨੂੰ ਖਤਮ ਕਰ ਰਹੀ ਹੈ। ਜਦੋਂ ਕਿ ਸਾਡੀ ਸਰਕਾਰ ਨੇ ਲਗਾਤਾਰ ਫਸਲਾਂ ਤੇ ਐਮਐਸਪੀ ਨੂੰ ਵਧਾਉਣ ਦਾ ਕੰਮ ਕੀਤਾ ਹੈ। ਸਾਲ 2014 ਵਿੱਚ ਝੋਨਾ ਕਾਮਨ ਦਾ ਐਮਐਸਪੀ 1360 ਰੁਪਏ ਪ੍ਰਤੀ ਕੁਇੰਟਲ ਸੀ, ਜਦੋਂ ਕਿ ਅੱਜ 2369 ਰੁਪਏ ਪ੍ਰਤੀ ਕੁਇੰਟਲ ਹੈ। ਇਸੀ ਤਰ੍ਹਾ, ਸਾਲ 2014 ਵਿੱਚ ਝੋਨਾ ਗੇ?ਰਡ ਏ ਦਾ ਐਮਐਸਪੀ 1400 ਰੁਪਏ ਪ੍ਰਤੀ ਕੁਇੰਟਲ ਸੀ ਜਦੋਂਕਿ ਅੱਜ 2389 ਰੁਪਏ ਪ੍ਰਤੀ ਕੁਇੰਟਲ ਹੈ। ਇਸ ਮੌਕੇ ਤੇ ਸੂਚਨਾ, ਜਨਸੰਪਰਕ ਭਾਸ਼ਾ ਅਤੇ ਸਭਿਆਚਾਰ ਵਿਭਾਗ ਦੇ ਮਹਾਨਿਦੇਸ਼ਕ ਸ੍ਰੀ ਕੇ ਮਕਰੰਦ ਪਾਂਡੂਰੰਗ, ਮੁੱਖ ਮੰਤਰੀ ਦੇ ਓਐਸਡੀ ਸ੍ਰੀ ਭਾਰਤ ਭੂਸ਼ਣ ਭਾਰਤੀ ਅਤੇ ਮੁੱਖ ਮੰਤਰੀ ਦੇ ਮੀਡੀਆ ਸਕੱਤਰ ਸ੍ਰੀ ਪ੍ਰਵੀਣ ਅੱਤਰੇ ਮੌਜੂਦ ਰਹੇ।

8 ਮਹੀਨੇ ਤੋਂ ਨਹੀਂ ਮਿਲੀ ਤਨਖ਼ਾਹ ! ਪੈਟਰੋਲ ਲੈ ਟੈਂਕੀ 'ਤੇ ਚੜ੍ਹ ਗਿਆ ਕਰਮਚਾਰੀ

ਸਹਾਰਨਪੁਰ 25 ਸਤੰਬਰ। ਉੱਤਰ ਪ੍ਰਦੇਸ਼ ਵਿੱਚ ਸਹਾਰਨਪੁਰ ਜ਼ਿਲ੍ਹੇ ਦੇ ਸਰਕਾਰੀ ਮੈਡੀਕਲ ਕਾਲਜ ਪਿਲਖਣੀ ਵਿਚ ਬੀਤੇ ਦਿਨ ਉਸ ਸਮੇਂ ਹਫ਼ੜਾ-ਦਫ਼ੜੀ ਮੱਚ ਗਈ, ਜਦੋਂ ਉਥੇ ਕੰਮ ਕਰਨ ਵਾਲਾ ਇਕ ਸਹਾਇਕ ਰਸੋਈਆ ਕਮਲ ਸਿੰਘ 8 ਮਹੀਨੇ ਤੋਂ ਤਨਖਾਹ ਨਾ ਮਿਲਣ ਕਾਰਨ ਬਹੁਤ ਪਰੇਸ਼ਾਨ ਸੀ। ਇਸੇ ਪਰੇਸ਼ਾਨੀ ਦੇ ਕਾਰਨ ਉਹ ਪੈਟਰੋਲ ਦੀ ਬੋਤਲ ਲੈ ਕੇ ਪਾਣੀ ਵਾਲੀ ਉੱਚੀ ਟੈਂਕੀ 'ਤੇ ਚੜ੍ਹ ਗਿਆ। ਇਸ ਦੌਰਾਨ ਉਸ ਨੇ ਤਨਖ਼ਾਹ ਨਾ ਮਿਲਣ ਕਾਰਨ ਟੈਂਕੀ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲੈਣ ਦੀ ਧਮਕੀ ਦਿੱਤੀ। ਇਸ ਗੱਲ਼ ਦੇ ਬਾਰੇ ਜਦੋਂ ਪਤਾ ਲੱਗਾ ਤਾਂ ਕਾਲਜ ਕੈਂਪਸ ਵਿਚ ਸਨਸਨੀ ਫੈਲ ਗਈ। ਜਾਣਕਾਰੀ ਮੁਤਾਬਕ ਕਮਲ ਸਿੰਘ ਨੂੰ ਜਨਵਰੀ 2025 ਵਿੱਚ ਆਗਰਾ ਦੇ ਸਰੋਜਨੀ ਨਾਇਡੂ ਮੈਡੀਕਲ ਕਾਲਜ ਤੋਂ ਪਿਲਖਣੀ ਤਬਦੀਲ ਕਰ ਦਿੱਤਾ ਗਿਆ ਸੀ। ਹਾਲਾਂਕਿ, ਉਸ ਤੋਂ ਬਾਅਦ ਉਸਨੂੰ ਇੱਕ ਵੀ ਮਹੀਨੇ ਦੀ ਤਨਖਾਹ ਨਹੀਂ ਮਿਲੀ ਸੀ। ਲਗਾਤਾਰ ਆਰਥਿਕ ਤੰਗੀ ਅਤੇ ਮਾਨਸਿਕ ਤਣਾਅ ਤੋਂ ਪਰੇਸ਼ਾਨ ਹੋ ਕੇ ਉਸਨੇ ਖੁਦਕੁਸ਼ੀ ਕਰਨ ਦਾ ਗੰਭੀਰ ਕਦਮ ਚੁੱਕਿਆ। ਘਟਨਾ ਦੀ ਖ਼ਬਰ ਮਿਲਦੇ ਹੀ ਮੈਡੀਕਲ ਕਾਲਜ ਦੇ ਪ੍ਰਿੰਸੀਪਲ, ਸਰਸਾਵਾ ਪੁਲਸ ਸਟੇਸ਼ਨ, ਐਸਡੀਐਮ, ਸੀਓ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪਹੁੰਚੇ। ਕਮਲ ਸਿੰਘ ਦੀ ਭਾਬੀ ਅਤੇ ਦੋ ਛੋਟੇ ਬੱਚੇ ਟੈਂਕ ਦੇ ਹੇਠਾਂ ਮੌਜੂਦ ਸਨ, ਜੋ ਰੋਂਦੇ ਹੋਏ ਉਸਨੂੰ ਵਾਰ-ਵਾਰ ਹੇਠਾਂ ਆਉਣ ਦੀ ਬੇਨਤੀ ਕਰ ਰਹੇ ਸਨ। ਕਮਲ ਸਿੰਘ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਗੱਲ ਸੁਣਨ ਤੋਂ ਇਨਕਾਰ ਕਰਦਾ ਰਿਹਾ ਅਤੇ ਖੁਦਕੁਸ਼ੀ ਕਰਨ ਦੀ ਧਮਕੀ ਦਿੰਦਾ ਰਿਹਾ। ਕਮਲ ਸਿੰਘ ਲਗਭਗ ਡੇਢ ਘੰਟੇ ਤੱਕ ਟੈਂਕੀ 'ਤੇ ਬੈਠਾ ਰਿਹਾ। ਪੁਲਸ, ਪ੍ਰਸ਼ਾਸਨ ਅਤੇ ਪਰਿਵਾਰਕ ਮੈਂਬਰ ਉਸਨੂੰ ਸਮਝਾਉਂਦੇ ਰਹੇ। ਅੰਤ ਵਿੱਚ ਉਸਦੇ ਪਰਿਵਾਰ ਦੀਆਂ ਭਾਵੁਕ ਅਪੀਲਾਂ ਅਤੇ ਅਧਿਕਾਰੀਆਂ ਦੇ ਸਮਝਾਉਣ ਤੋਂ ਬਾਅਦ ਉਹ ਸ਼ਾਂਤ ਹੋ ਗਿਆ ਅਤੇ ਸੁਰੱਖਿਅਤ ਹੇਠਾਂ ਆ ਗਿਆ। ਇਸ ਘਟਨਾ ਤੋਂ ਬਾਅਦ ਮੈਡੀਕਲ ਕਾਲਜ ਕੈਂਪਸ ਵਿੱਚ ਤਣਾਅ ਅਤੇ ਰੋਸ ਫੈਲ ਗਿਆ। ਕਈ ਹੋਰ ਕਰਮਚਾਰੀਆਂ ਨੇ ਵੀ ਆਪਣੀਆਂ ਤਨਖਾਹਾਂ ਨਾ ਮਿਲਣ 'ਤੇ ਆਪਣੀ ਨਾਰਾਜ਼ਗੀ ਪ੍ਰਗਟ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੂੰ ਸਮੇਂ ਸਿਰ ਤਨਖਾਹ ਨਾ ਦਿੱਤੀ ਗਈ ਤਾਂ ਅਜਿਹੀਆਂ ਘਟਨਾਵਾਂ ਦੁਬਾਰਾ ਵਾਪਰ ਸਕਦੀਆਂ ਹਨ। ਐਸਪੀ ਦਿਹਾਤੀ ਸਾਗਰ ਜੈਨ ਨੇ ਦੱਸਿਆ ਕਿ ਕਮਲ ਸਿੰਘ ਦੀ ਤਨਖਾਹ ਅਤੇ ਵਾਧੇ ਸਬੰਧੀ ਜਾਂਚ ਚੱਲ ਰਹੀ ਹੈ। ਸਬੰਧਤ ਵਿਭਾਗਾਂ ਨਾਲ ਮਿਲ ਕੇ ਜਲਦੀ ਹੀ ਇਸ ਮਸਲੇ ਦਾ ਹੱਲ ਕੱਢ ਲਿਆ ਜਾਵੇਗਾ।

ਨੌਜਵਾਨਾਂ ਨੇ ਸਿਗਰੇਟ ਪੀਣ ਤੋਂ ਰੋਕਿਆ ਤਾਂ ਲਗਜ਼ਰੀ ਗੱਡੀਆਂ 'ਚ ਆਏ ਨਸ਼ੇੜੀਆਂ ਨੇ ਕੀਤਾ ਹਮਲਾ

ਕੌਮੀ ਪਤ੍ਰਿਕਾ

ਜਲੰਧਰ 25 ਸਤੰਬਰ। ਰੇਰੂ ਪਿੰਡ ਨੇੜੇ ਜਨਤਕ ਸਥਾਨ 'ਤੇ ਸਿਗਰੇਟ ਪੀਣ ਤੋਂ ਰੋਕਣ 'ਤੇ ਲਗਜ਼ਰੀ ਗੱਡੀਆਂ ਵਿਚ ਸਵਾਰ ਹੋ ਕੇ ਆਏ ਲਗਭਗ ਇਕ ਦਰਜਨ ਨਸ਼ੇੜੀਆਂ ਨੇ ਭੋਗਪੁਰ ਦੇ 4 ਨੌਜਵਾਨਾਂ 'ਤੇ ਹਮਲਾ ਕਰ ਦਿੱਤਾ। ਵਿਰੋਧ ਕਰਨ ਵਾਲੇ ਨੌਜਵਾਨ ਦੇ ਸਿਰ 'ਤੇ ਕੜੇ ਮਾਰ ਕੇ ਉਸ ਨੂੰ ਲਹੂ-ਲੁਹਾਨ ਕਰਕੇ ਅਧਮੋਇਆ ਕਰ ਦਿੱਤਾ, ਜਦਕਿ ਹੋਰ 3 ਨੌਜਵਾਨਾਂ ਨਾਲ ਵੀ ਕੁੱਟਮਾਰ ਕੀਤੀ। ਹਮਲਾ ਕਰਨ ਤੋਂ ਬਾਅਦ ਮੁਲਜ਼ਮ ਆਪਣੀਆਂ ਗੱਡੀਆਂ ਵਿਚ ਬੈਠ ਕੇ ਫ਼ਰਾਰ ਹੋ ਗਏ। ਜਾਣਕਾਰੀ ਦਿੰਦੇ ਭੋਗਪੁਰ ਦੇ ਰਹਿਣ ਵਾਲੇ ਅਤਿੰਦਰ ਘੁੰਮਣ ਨੇ ਦੱਸਿਆ ਕਿ ਉਹ ਆਪਣੇ ਦੋਸਤ ਚੈਤੰਨਯ ਭੱਲਾ, ਸੰਨੀ ਅਤੇ ਰਵੀ ਕੁਮਾਰ ਨਾਲ ਜਲੰਧਰ ਕਿਸੇ ਕੰਮ ਆਇਆ ਸੀ। ਕੰਮ ਨਿਪਟਾਉਣ ਤੋਂ ਬਾਅਦ ਉਹ ਭੋਗਪੁਰ ਵਾਪਸ ਮੁੜ ਰਹੇ ਸਨ ਕਿ ਰੇਰੂ ਪਿੰਡ ਤੋਂ ਕੁਝ ਦੂਰੀ 'ਤੇ ਗੁਪਤਾ ਚਾਟ ਭੰਡਾਰ 'ਤੇ ਗੋਲਗੱਪੇ ਖਾਣ ਲਈ ਰੁਕ ਗਏ। ਦੋਸ਼ ਹੈ ਕਿ ਉਹ ਗੋਲਗੱਪੇ ਖਾ ਹੀ ਰਹੇ ਸਨ ਕਿ ਇਸ ਦੌਰਾਨ ਫਾਰਚਿਊਨਰ ਅਤੇ ਸਕਾਰਪੀਓ ਗੱਡੀਆਂ ਵਿਚ ਕੁਝ ਨੌਜਵਾਨ ਉਥੇ ਆਏ, ਜਿਨ੍ਹਾਂ ਨੇ ਉਨ੍ਹਾਂ ਦੇ ਨੇੜੇ ਸਿਗਰੇਟ ਪੀਣੀ ਸ਼ੁਰੂ ਕਰ ਦਿੱਤੀ। ਜਦੋਂ ਉਨ੍ਹਾਂ ਨੇ ਨੌਜਵਾਨਾਂ ਨੂੰ ਉਥੋਂ ਦੂਰ ਜਾ ਕੇ ਸਿਗਰੇਟ ਪੀਣ ਨੂੰ ਕਿਹਾ ਤਾਂ ਉਹ ਪਹਿਲਾਂ ਤਾਂ ਆਪਣੀ ਗੱਡੀ ਨੇੜੇ ਗਏ ਅਤੇ ਬਾਅਦ ਵਿਚ ਇਕ ਦਰਜਨ ਨੌਜਵਾਨ ਉਨ੍ਹਾਂ ਵੱਲ ਆਏ ਅਤੇ ਹਮਲਾ ਕਰ ਦਿੱਤਾ। ਅਤਿੰਦਰ ਨੇ ਕਿਹਾ ਕਿ ਸਿਗਰੇਟ ਪੀਣ ਦਾ ਵਿਰੋਧ ਚੈਤੰਨਯ ਭੱਲਾ ਨੇ ਕੀਤਾ ਸੀ, ਜਿਸ ਕਾਰਨ ਹਮਲਾਵਰ ਉਸ 'ਤੇ ਟੁੱਟ ਪਏ। ਇਕ ਹਮਲਾਵਰ ਨੇ ਚੈਤੰਨਯ ਭੱਲਾ ਦੇ ਸਿਰ 'ਤੇ ਕੜਾ ਮਾਰ-ਮਾਰ ਕੇ ਉਸ ਨੂੰ ਬੁਰੀ ਤਰ੍ਹਾਂ ਲਹੂ-ਲੁਹਾਨ ਕਰ ਦਿੱਤਾ,

ਜਦੋਂ ਉਨ੍ਹਾਂ ਵਿਰੋਧ ਕੀਤਾ ਤਾਂ ਉਨ੍ਹਾਂ ਨਾਲ ਵੀ ਕੁੱਟਮਾਰ ਕੀਤੀ। ਚੈਤੰਨਯ ਨੂੰ ਖੂਨ ਵਿਚ ਲਥਪਥ ਵੇਖ ਕੇ ਮੁਲਜ਼ਮ ਉਥੋਂ ਫ਼ਰਾਰ ਹੋ ਗਏ। ਪੀੜਤ ਨੌਜਵਾਨਾਂ ਨੇ ਜਦੋਂ ਹਮਲਾਵਰਾਂ ਦੀ ਗੱਡੀ ਦਾ ਪਿੱਛਾ ਕੀਤਾ ਤਾਂ ਕਿਸ਼ਨਗੜ੍ਹ ਨੇੜੇ? ਉਨ੍ਹਾਂ ਸਾਈਡ ਮਾਰ ਕੇ ਪੀੜਤ ਨੌਜਵਾਨਾਂ ਦੀ ਗੱਡੀ ਪਲਟਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦਾ ਬਚਾਅ ਹੋ ਗਿਆ। ਚੈਤੰਨਯ ਨੂੰ ਤੁਰੰਤ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਉਸ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਉਸ ਦੇ ਸਿਰ 'ਤੇ ਕਈ ਟਾਂਕੇ ਵੀ ਲੱਗੇ ਹਨ। ਹਮਲੇ ਦੀ ਸੂਚਨਾ ਥਾਣਾ ਨੰਬਰ 8 ਦੀ ਪੁਲਸ ਨੂੰ ਦੇ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਗੱਡੀਆਂ ਜਲੰਧਰ ਦੀਆਂ ਹੀ ਹਨ।

ਏਅਰ ਫੋਰਸ ਸਟੇਸ਼ਨ ਬਠਿੰਡਾ 'ਚ 329 ਦੀ ਵੱਡੀ ਕਾਰਵਾਈ, ਯੂਡੀਸੀ ਕਲਰਕ ਤੇ ਏਜੀ ਐਡਮਿਨ ਰਿਸ਼ਵਤ ਲੈਂਦੇ ਗ੍ਰਿਫ਼ਤਾਰ

ਬਠਿੰਡਾ 25 ਸਤੰਬਰ। ਸੀਬੀਆਈ ਨੇ ਏਅਰ ਫੋਰਸ ਕੈਂਪਸ ਬਠਿੰਡਾ ਵਿੱਚ ਭ੍ਰਿਸ਼ਟਾਚਾਰ ਦੇ ਇੱਕ ਵੱਡੇ ਖੇਡ ਦਾ ਪਰਦਾਫਾਸ਼ ਕੀਤਾ ਹੈ। ਚੰਡੀਗੜ੍ਹ ਤੋਂ ਸੀਬੀਆਈ ਟੀਮ ਨੇ ਸੋਮਵਾਰ ਨੂੰ ਅਚਾਨਕ ਛਾਪਾ ਮਾਰਿਆ ਅਤੇ ਏਅਰ ਫੋਰਸ ਸਟੇਸ਼ਨ ਵਿੱਚ ਤਾਇਨਾਤ ਯੂਡੀਸੀ ਕਲਰਕ ਨਰਿੰਦਰ ਕੁਮਾਰ ਅਤੇ ਏਜੀ ਐਡਮਿਨ ਵਿਕਾਸ ਨੂੰ ਇੱਕ ਲੱਖ ਰੁਪਏ ਦੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ। ਸੂਤਰਾਂ ਅਨੁਸਾਰ, ਦੋਵੇਂ ਅਧਿਕਾਰੀ ਐਮਈਐਸ ਕੰਮਾਂ ਵਿੱਚ ਠੇਕੇਦਾਰਾਂ ਤੋਂ ਬਿੱਲ ਪਾਸ ਕਰਵਾਉਣ ਅਤੇ ਕੰਮ ਲਈ ਐਨਓਸੀ ਦੇਣ ਦੇ ਨਾਮ 'ਤੇ ਲੰਬੇ ਸਮੇਂ ਤੋਂ ਪੈਸੇ ਵਸੂਲ ਰਹੇ ਸਨ। ਠੇਕੇਦਾਰ

ਸਵਰਨ ਸਿੰਘ ਨੇ ਇਸ ਭ੍ਰਿਸ਼ਟਾਚਾਰ ਦੀ ਲਿਖਤੀ ਸ਼ਿਕਾਇਤ ਕੇਂਦਰੀ ਰੱਖਿਆ ਮੰਤਰਾਲੇ ਅਤੇ ਸੀਬੀਆਈ ਨੂੰ ਦਿੱਤੀ ਸੀ। ਸ਼ਿਕਾਇਤ ਦੇ ਆਧਾਰ 'ਤੇ ਸੀਬੀਆਈ ਨੇ ਜਾਲ ਵਿਛਾ ਦਿੱਤਾ। ਸੀਬੀਆਈ ਨੇ ਠੇਕੇਦਾਰ ਨੂੰ ਰੰਗੇ ਹੱਥੀਂ ਇੱਕ ਲੱਖ ਰੁਪਏ ਦੇ ਨੋਟ ਦਿੱਤੇ ਅਤੇ ਜਿਵੇਂ ਹੀ ਦੋਵਾਂ ਅਧਿਕਾਰੀਆਂ ਨੇ ਰਿਸ਼ਵਤ ਦੀ ਰਕਮ ਫੜੀ, ਟੀਮ ਨੇ ਛਾਪਾ ਮਾਰਿਆ। ਦੋਵਾਂ ਨੂੰ ਮੌਕੇ 'ਤੇ ਹੀ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਚੰਡੀਗੜ੍ਹ ਹੈੱਡਕੁਆਰਟਰ ਭੇਜ ਦਿੱਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਦੋਵੇਂ ਅਧਿਕਾਰੀ ਲੰਬੇ ਸਮੇਂ ਤੋਂ ਠੇਕੇਦਾਰਾਂ 'ਤੇ ਦਬਾਅ ਪਾ ਕੇ ਉਨ੍ਹਾਂ ਤੋਂ ਪੈਸੇ ਵਸੂਲ ਰਹੇ ਸਨ। ਹੁਣ, ਸੀਬੀਆਈ ਜਾਂਚ ਅਤੇ ਜਾਂਚ ਦੌਰਾਨ ਭ੍ਰਿਸ਼ਟਾਚਾਰ ਦੇ ਹੋਰ ਰਾਜ਼ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਅਜੀਬੋ ਗਰੀਬ ਤਰੀਕੇ ਨਾਲ ਬਿਲਡਿੰਗ ਮਟੀਰੀਅਲ ਮਾਲਕ ਨੂੰ 40,500 ਦੀ ਵੱਜੀ ਠੱਗੀ

ਪੱਟੀ 25 ਸਤੰਬਰ। ਨੌਸਰਬਾਜ਼ ਠੱਗਾਂ ਵੱਲੋਂ ਅਜੀਬੋ ਗਰੀਬ ਤਰੀਕੇ ਨਾਲ ਪੱਟੀ ਦੇ ਨਦੋਹਰ ਚੌਕ ਵਿਚ ਸਥਿਤ ਰਾਜ ਬਿਲਡਿੰਗ ਮਟੀਰੀਅਲ ਦਾ ਮਾਲਕ 40,500 ਰੂਪੈ ਦੀ ਠੱਗੀ ਦਾ ਸ਼ਿਕਾਰ ਹੋ ਗਿਆ। ਇਸ ਮੌਕੇ ਰਾਜਿੰਦਰ ਸਿੰਘ ਬੁਰਜ ਨੇ ਦੱਸਿਆ ਕਿ ਮੈਨੂੰ ਇਕ ਦੁਕਾਨਦਾਰ ਦਾ ਫੋਨ ਆਇਆ ਕਿ ਫੌਜੀ ਛਾਉਣੀ ਪੱਟੀ ਤੋਂ ਸੀਮੈਂਟ ਲੈਣ ਲਈ ਫੋਨ ਆਇਆ ਹੈ, ਜਿਸ ਨੂੰ 50 ਬੈਗ ਸੀਮੈਂਟ ਚਾਹੀਦਾ ਹੈ। ਥੋੜੀ ਦੇਰ ਬਾਅਦ ਹੀ ਉਕਤ ਨੌਸਰਬਾਜ਼ ਦਾ ਫੋਨ ਰਾਜਿੰਦਰ ਸਿੰਘ ਨੂੰ 91-8107228508 ਨੰਬਰ ਤੋਂ ਫੋਨ ਆਇਆ ਕਿ 50 ਬੈਗ ਸੀਮੈਂਟ ਚਾਹੀਦਾ ਹੈ, ਜਿਸ ਦਾ ਬਿੱਲ ਬਣਾ ਕੇ ਫੋਨ 'ਤੇ ਭੇਜ ਦਿਓ ਜਦ ਉਸ ਨੂੰ ਬਿੱਲ ਭੇਜਿਆ ਤਾਂ ਥੋੜੀ ਦੇਰ ਬਾਅਦ

ਉਕਤ ਨੌਸਰਬਾਜ਼ ਦਾ ਫੋਨ ਆਇਆ ਕਿ ਤੁਹਾਡੇ ਖਾਤੇ ਵਿਚ 40,500 ਰੂਪੈ ਗਲਤ ਪੈ ਗਏ ਹਨ, ਜਿਸ ਦਾ ਸਕਰੀਨ ਸ਼ੋਟ ਪਾ ਦਿੱਤਾ ਗਿਆ ਅਤੇ ਕਿਹਾ ਕਿ ਇਸ ਦਾ ਮੈਸੇਜ ਤੁਹਾਨੂੰ ਥੋੜੀ ਦੇਰ ਬਾਅਦ ਆਵੇਗਾ, ਜਿਸ 'ਤੇ ਦੁਕਾਨਦਾਰ ਨੇ ਗੱਲਾਂ ਵਿਚ ਆ ਕੇ ਉਸ ਵੱਲੋਂ ਭੇਜਿਆ ਗਿਆ ਨੇਹਾ ਕੁਮਾਰੀ ਨਾਮ ਦੇ ਖਾਤੇ ਵਿਚ 40,500 ਰੂਪੈ ਪਾ ਦਿੱਤੇ। ਥੋੜੀ ਦੇਰ ਬਾਅਦ ਉਕਤ ਠੱਗ ਦਾ ਫੋਨ ਬੰਦ ਹੋ ਗਿਆ ਪਰ ਇਸ ਤੋਂ ਬਾਅਦ ਉਹ ਇਕ ਟੀ.ਵੀ ਦੀ ਦੁਕਾਨ ਤੋਂ ਵੀ ਠੱਗੀ ਮਾਰ ਚੱਲਿਆ ਸੀ ਪਰ ਦੁਕਾਨਦਾਰ ਹੁਸ਼ਿਆਰੀ ਨਾਲ ਬਚ ਗਿਆ। ਇਸ ਮੌਕੇ ਠੱਗੀ ਦਾ ਸ਼ਿਕਾਰ ਹੋਏ ਰਾਜਿੰਦਰ ਸਿੰਘ ਆਮ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਤਰ੍ਹਾਂ ਦੇ ਗਲਤ ਅਨਸਰਾਂ ਪਾਸੋਂ ਬਚ ਕੇ ਰਹਿਣ। ਜਦ ਇਸ ਨੰਬਰ ਦੀ ਜਾਂਚ ਕਰਾਈ ਗਈ ਤਾਂ ਨੰਬਰ ਬੰਬੇ ਦੀ ਨੇਹਾ ਕੁਮਾਰੀ ਦੇ ਨਾਮ ਦਾ ਨਿਕਲਿਆ ਹੈ, ਜਿਸ ਸਬੰਧੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਨਰਾਤਿਆਂ ਦੌਰਾਨ ਜਨਮੀਆਂ ਚਾਰ ਧੀਆਂ, ਪਰਿਵਾਰ ਬੋਲਿਆ- 'ਸਾਡੇ ਘਰ ਆਈ ਮਾਂ ਦੁਰਗਾ'

ਨੈਸ਼ਨਲ ਡੈਸਕ 25 ਸਤੰਬਰ। ਕਹਿੰਦੇ ਹਨ ਨਰਾਤਿਆਂ ਦੇ ਪਵਿੱਤਰ ਦਿਨ 'ਤੇ ਕੰਨਿਆ ਦਾ ਜਨਮ ਬੇਹੱਦ ਸ਼ੁੱਭ ਹੁੰਦਾ ਹੈ। ਹਾਲ ਹੀ 'ਚ ਇਕ ਔਰਤ ਨੇ ਇਕੱਠਿਆਂ ਚਾਰ ਸਿਹਤਮੰਦ ਕੁੜੀਆਂ ਨੂੰ ਜਨਮ ਦਿੱਤਾ। ਖੇ

ਪੁਲਿਸ ਅਧਿਕਾਰੀਆਂ ਨੂੰ ਕਮਿਊਨਿਟੀ ਸਹਿਭਾਗਿਤਾ ਮਜਬੂਤ ਕਰਨ ਅਤੇ ਜਨ ਸ਼ਿਕਾਇਤਾਂ ਦਾ ਹੱਲ ਕਰਨ ਦੇ ਨਿਰਦੇਸ਼

ਕੌਮੀ ਪੜ੍ਹਿਕਾ

ਚੰਡੀਗੜ੍ਹ, 25 ਸਤੰਬਰ: ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅੱਜ ਪੂਰੇ ਸੂਬੇ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਜਨ ਸੰਪਰਕ ਯਤਨਾਂ ਨੂੰ ਤੇਜ ਕਰਨ ਅਤੇ ਨਾਗਰਿਕ ਸ਼ਿਕਾਇਤਾਂ ਦਾ ਤੁਰੰਤ ਹੱਲ ਯਕੀਨੀ ਕਰਨ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਭਾਵੀ ਕਾਨੂੰਨ ਬਦਲਾਅ ਦੀ ਨੀਂਹ ਜਨਤਾ ਦੇ ਭਰੋਸੇ 'ਤੇ ਟਿਕੀ ਹੈ। ਉਨ੍ਹਾਂ ਨੇ ਕਿਹਾ ਕਿ ਕਮਿਸ਼ਨਰ ਤੋਂ ਲੈ ਕੇ ਡੀਐਸਪੀ ਤੱਕ, ਹਰ ਪੁਲਿਸ ਅਧਿਕਾਰੀ ਨੂੰ ਨਾਗਰਿਕਾਂ ਦੀ ਚਿੰਤਾਵਾਂ ਨਾਲ ਡੂੰਘਾਈ ਨਾਲ ਜੁੜੇ ਰਹਿਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਗ੍ਰਾਮੀਣਾਂ, ਨੌਜੁਆਨਾਂ ਅਤੇ ਸਥਾਨਕ ਕਮਿਊਨਿਟੀਆਂ ਦੇ ਨਾਲ ਵੱਧ ਸੰਪਰਕ ਨਾਲ ਨਸ਼ੀਲੀ ਦਵਾਈਆਂ ਦੀ ਦੁਰਵਰਤੋਂ ਅਤੇ ਅਪਰਾਧਿਕ ਗਤੀਵਿਧੀਆਂ ਵਰਗੇ ਮੁੱਦਿਆਂ ਨਾਲ ਨਜਿਠਣ ਵਿੱਚ ਮਦਦ ਮਿਲੇਗੀ। ਕਮਿਊਨਿਟੀ ਮੌਜੂਦਗੀ ਦੇ ਮਹਤੱਵ 'ਤੇ ਚਾਨਣ ਪਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਨਿਵਾਸੀਆਂ ਦੇ ਨਾਲ ਖੁੱਲਾ ਸੰਵਾਦ ਬਣਾਏ ਰੱਖਣਾ ਅਤੇ ਉਨ੍ਹਾਂ ਦੀ ਸਮਸਿਆਵਾਂ ਨੂੰ ਸਰਗਰਮੀ ਨਾਲ ਸੁਨਣਾ ਪੁਲਿਸ ਕਰਮਚਾਰੀਆਂ ਦੀ ਮੁੱਖ ਜਿਮੇਵਾਰੀ ਹੈ। ਉਨ੍ਹਾਂ ਨੇ ਨਾਗਰਿਕ-ਅਨੁਕੂਲ ਪੁਲਿਸਿੰਗ ਮਾਡਲ ਅਪਨਾਉਣ ਦੀ ਅਪੀਲ ਕੀਤੀ, ਜਿੱਥੇ ਤੁਰੰਤ ਸ਼ਿਕਾਇਤ ਹੱਲ ਸੂਬੇ ਵਿੱਚ ਕਾਨੂੰਨ ਬਦਲਾਅ ਕੰਮਾਂ ਦੀ ਰੀੜ ਬਣੇ। ਪ੍ਰਭਾਵੀ ਲਾਗੂ ਕਰਨ ਯਕੀਨੀ ਕਰਨ ਲਈ ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਪੁ?ਲਸ ਕਮਿਸ਼ਨਰਾਂ, ਇੰਸਪੈਕਟਰ ਜਨਰਲਾਂ, ਡੀਸੀਪੀਜ਼, ਪੁਲਿਸ ਸੁਪਰਡੈਂਟਾਂ ਅਤੇ ਸਹਾਇਕ ਕਮਿਸ਼ਨਰਾਂ/ਪੁਲਿਸ ਡਿਪਟੀ ਸੁਪਰਡੈਂਟਾਂ ਸਮੇਤ ਸਾਰੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਵਿਸਤਾਰ ਹਿਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਨੇ ਹਿਦਾਇਤਾਂ ਵਿੱਚ ਅਧਿਕਾਰੀਆਂ ਨੂੰ ਸਥਾਨਕ ਕਮਿਊਨਿਟੀਆਂ ਦੇ ਨਾਲ ਆਪਣੇ ਜੁੜਾਵ ਨੂੰ ਮਜਬੂਤ ਕਰਨ ਲਈ ਪਿੰਡਾਂ ਵਿੱਚ ਲਾਜ਼ਮੀ ਰਾਤ ਠਹਿਰਣ ਦੇ ਨਾਲ-ਨਾਲ ਨਿਯਮਤ ਰੂਪ ਨਾਲ ਖੇਤਰ ਦਾ ਦੌਰਾ ਕਰਨ ਦਾ ਆਦੇਸ਼ ਦਿੱਤਾ ਹੈ। ਇਸ ਤੋਂ ਇਲਾਵਾ, ਹੋਰ ਸਰਕਾਰ ਵਿਭਾਗਾਂ ਨਾਲ ਸਬੰਧਿਤ ਕਿਸੇ ਵੀ ਸ਼ਿਕਾਇਤ ਨੂੰ ਤੁਰੰਤ ਹੱਲ ਲਈ ਡਿਪਟੀ ਕਮਿਸ਼ਨਰਾਂ ਜਾਂ ਸਬੰਧਿਤ ਅਧਿਕਾਰੀਆਂ ਨੂੰ ਤੁਰੰਤ ਭੇਜਿਆ ਜਾਣਾ ਚਾਹੀਦਾ ਹੈ। ਅਧਿਕਾਰੀਆਂ ਨੂੰ ਸਥਾਪਿਤ ਮਾਨਕ ਸੰਚਾਲਨ ਪ੍ਰਕ੍ਰਿਆਵਾਂ ਅਨੁਸਾਰ ਹਰਿਆਣਾ ਮਨੁੱਖ ਸੰਸਾਧਨ ਪ੍ਰਬੰਧਨ ਪ੍ਰਣਾਲੀ (ਅਮੈਚਆਰਐਮਐਸ) ਐਪਲੀਕੇਸ਼ਨ ਰਾਹੀਂ ਵਿਸਤਾਰ ਰਾਤ ਦੇ ਆਰਾਮ ਦੀ ਰਿਪੋਰਟ ਵੀ ਪੇਸ਼ ਕਰਨੀ ਹੋਵੇਗੀ। ਨਾਗਰਿਕ-ਪੁਲਿਸ ਸੰਪਰਕ ਨੂੰ ਰਸਮੀ ਬਨਾਉਣ ਲਈ ਸਾਰੇ ਅਧਿਕਾਰੀਆਂ ਨੂੰ ਪਬਲਿਕ ਮੀਟਿੰਗਾਂ ਦੇ ਲਈ ਯਕੀਨੀ ਦਫਤਰ ਸਮੇਂ ਨਿਰਧਾਰਿਤ ਕਰਨਾ ਹੋਵੇਗਾ। ਉਨ੍ਹਾਂ ਨੇ ਸ਼ਿਕਾਇਤਾਂ ਸੁਨਣ ਅਤੇ ਉਨ੍ਹਾਂ ਦਾ ਪਾਰਦਰਸ਼ੀ ਢੰਗ ਨਾਲ ਹੱਲ ਕਰਨ ਲਈ ਕਾਰਜ ਦਿਨਾਂ ਵਿੱਚ ਸਵੇਰੇ 11 ਵਜੇ ਤੋਂ ਦੁਪਹਿਰ 12 ਵਜੇ ਤੱਕ ਅਤੇ ਦੁਪਹਿਰ 3 ਵਜੇ ਤੋਂ ਸ਼ਾਮ 4 ਵਜੇ ਤੱਕ ਆਪਣੇ ਦਫਤਰਾਂ ਵਿੱਚ ਉਪਲਬਧ ਰਹਿਣਾ ਹੋਵਗੇ। ਉਨ੍ਹਾਂ ਨੇ ਦਸਿਆ ਕਿ ਨਿਗਰਾਨੀ ਤੰਤਰ ਨੂੰ ਵੀ ਮਜਬੂਤ ਕੀਤਾ ਗਿਆ ਹੈ। ਅਧਿਕਾਰੀ ਗ੍ਰਹਿ ਵਿਭਾਗ ਨੂੰ ਦੋ-ਹਫਤਾਵਾਰੀ ਪਾਲਣ ਰਿਪੋਰਟ ਪੇਸ਼ ਕਰਣਗੇ। ਇਹ ਪਹਿਲ ਹਰਿਆਣਾ ਦੀ ਵੱਧ ਜਵਾਬਦੇਹ ਅਤੇ ਭਾਈਚਾਰਕ-ਮੁਖੀ ਪੁਲਿਸ ਵਿਵਸਥਾ ਬਨਾਉਣ ਦੀ ਪ੍ਰਤੀਬੱਧਤਾ ਨੂੰ ਦਰਸ਼ਾਉਂਦੀ ਹੈ, ਜੋ ਨਾਗਰਿਕ ਭਲਾਈ ਨੂੰ ਪ੍ਰਾਥਮਿਕਤਾ ਦਿੰਦੀ ਹੈ, ਜਵਾਬਦੇਹੀ ਨੂੰ ਮਜਬੂਤ ਕਰਦੀ ਹੈ, ਅਤੇ ਸਿੱਧੀ ਭਾਗੀਦਾਰੀ ਰਾਹੀਂ ਜਨਤਾ ਦਾ ਭਰੋਸਾ ਵਧਾਉਂਦੀ ਹੈ।

ਖਰੀਫ ਖਰੀਦ ਸੀਜਨ 2025-26 ਦੌਰਾਨ ਸੁਚਾਰੂ ਵਿਵਸਥਾ ਲਈ ਹਰਿਆਣਾ ਦੇ ਸਾਰੇ ਜਿਲ੍ਹਿਆਂ ਲਈ ਸੀਨੀਅਰ ਪ੍ਰਸਾਸ਼ਨਿਕ ਅਧਿਕਾਰੀ ਨਿਯੁਕਤ

ਚੰਡੀਗੜ੍ਹ, 25 ਸਤੰਬਰ: ਹਰਿਆਣਾ ਸਰਕਾਰ ਨੇ ਸੂਬੇ ਵਿੱਚ ਅਗਾਮੀ ਖਰੀਫ ਖਰੀਦ ਸੀਜਨ 2025-26 ਦੇ ਮੱਦੇਨਜਰ ਮੰਡੀਆਂ ਅਤੇ ਖਰੀਦ ਕੇਂਦਰਾਂ 'ਤੇ ਚੱਲ ਰਹੇ ਖਰੀਦ ਕੰਮਾਂ ਦੇ ਨਿਰੀਖਣ ਅਤੇ ਸਮੀਖਿਆ ਕਰਨ ਤਹਿਤ ਸਾਰੇ 22 ਜਿਲ੍ਹਿਆਂ ਦੇ ਲਈ ਸੀਨੀਅਰ ਪ੍ਰਸਾਸ਼ਨਿਕ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਹੈ। ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਜਾਰੀ ਆਦੇਸ਼ਾਂ ਵਿੱਚ ਸੂਬੇ ਦੇ ਸੀਨੀਅਰ ਅਧਿਕਾਰੀਆਂ ਨੂੰ ਅਲਾਟ ਕੀਤੇ ਗਏ ਜਿਲ੍ਹਿਆਂ ਦੀ ਮੰਡੀਆਂ ਅਤੇ ਖਰੀਦ ਕੇਂਦਰਾਂ 'ਤੇ ਮੁੱਢਲੀ ਸਹੂਲਤਾਂ ਦੀ ਸਮੀਖਿਆ, ਖਰੀਦ ਕੰਮ ਦੀ ਸਮੀਖਿਆ ਅਤੇ ਖਰੀਦ ਦੌਰਾਨ ਕਿਸਾਨਾਂ ਦੀ ਸ਼ਿਕਾਇਤਾਂ ਦੇ ਤੁਰੰਤ ਨਿਪਟਾਨ ਕਰਨ ਤਹਿਤ ਇਹ ਜਿਮੇਵਾਰੀਆਂ ਸੌਂਪੀਆਂ ਗਈਆਂ ਹਨ। ਖਰੀਫ ਖਰੀਦ ਸੀਜਨ 2025-26 ਲਈ ਸ੍ਰੀ ਸੁਧੀਰ ਰਾਜਪਾਲ ਨੂੰ ਪਲਵਲ, ਡਾ. ਸੁਮਿਤਾ ਮਿਸ਼ਰਾ ਨੂੰ ਪੰਚਕੂਲਾ, ਸ੍ਰੀ ਪੰਕਜ ਅਗਰਵਾਲ ਨੂੰ ਸੋਨੀਪਤ, ਸ੍ਰੀ ਰਾਜਾ ਸ਼ੇਖਰ ਵੁੰਡਰੂ ਨੂੰ ਮਹੇਂਦਰਗੜ੍ਹ, ਵਿਨੀਤ ਗਰਗ ਨੂੰ ਫਤਿਹਾਬਾਦ, ਸ੍ਰੀਮਤੀ ਜੀ ਅਨੁਪਮਾ ਨੂੰ ਕੁਰੂਕਸ਼ੇਤਰ, ਸ੍ਰੀ ਅਪੂਰਵ ਕੁਮਾਰ ਸਿੰਘ ਨੂੰ ਪਾਣੀਪਤ, ਸ੍ਰੀ ਅਰੁਣ ਕੁਮਾਰ ਗੁਪਤਾ ਨੂੰ ਯਮੁਨਾਨਗਰ। ਇਸੀ ਤਰ੍ਹਾ ਸ੍ਰੀ ਅਨੁਰਾਗ ਅਗਰਵਾਲ ਨੂੰ ਭਿਵਾਨੀ, ਸ੍ਰੀ ਵਿਜੇਂਦਰ ਕੁਮਾਰ ਨੂੰ ਸਿਰਸਾ, ਸ੍ਰੀ ਡੀ. ਸੁਰੇਸ਼ ਨੂੰ ਚਰਖੀ ਦਾਦਰੀ, ਸ੍ਰੀ ਰਾਜੀਵ ਰੰਜਨ ਨੂੰ ਜੀਂਦ, ਸ੍ਰੀ ਵਿਕਾਸ ਗੁਪਤਾ ਨੂੰ ਕੈਥਲ, ਸ੍ਰੀ ਵਿਜੈ ਕੁਮਾਰ ਦਹੀਆ ਨੂੰ ਅੰਬਾਲਾ, ਸ੍ਰੀਮਤੀ ਅਮਨੀਤ ਪੀ ਕੁਮਾਰ ਨੂੰ ਹਿਸਾਰ, ਸ੍ਰੀ ਟੀਐਲ ਸਤਿਅਪ੍ਰਕਾਸ਼ ਨੂੰ ਝੱਜਰ, ਸ੍ਰੀ ਮੋਹਮਦ ਸ਼ਾਇਨ ਨੂੰ ਰਿਵਾੜੀ, ਡਾ. ਅਮਿਤ ਕੁਮਾਰ ਅਗਰਵਾਲ ਨੂੰ ਫਰੀਦਾਬਾਦ, ਸ੍ਰੀ ਸੰਜੇ ਜੂਨ ਨੂੰ ਰੋਹਤਕ, ਸ੍ਰੀਮਤੀ ਆਸ਼ਿਮਾ ਬਰਾੜ ਨੂੰ ਗੁਰੂਗ੍ਰਾਮ, ਸ੍ਰੀ ਸੀ ਜੀ ਰਜਨੀ ਕਾਂਥਨ ਨੂੰ ਕਰਨਾਲ ਅਤੇ ਸ੍ਰੀ ਫੂਲ ਚੰਦ ਮੀਣਾ ਨੂੰ ਨੂੰਹ ਜਿਲ੍ਹਾ ਲਈ ਨਿਯੁਕਤ ਕੀਤਾ ਗਿਆ ਹੈ।

ਸੂਬੇਦਾਰ ਫ਼ਕੀਰ ਸਿੰਘ ਤੇ ਪਤਨੀ ਦਾ ਇਕੱਠਿਆਂ ਹੋਇਆ ਸਸਕਾਰ

ਸੁਲਤਾਨਪੁਰ ਲੋਧੀ 25 ਸਤੰਬਰ। ਦੋ ਦਿਨ ਪਹਿਲਾਂ ਤਲਵੰਡੀ ਰੋਡ 'ਤੇ ਹੋਏ ਭਿਆਨਕ ਹਾਦਸੇ ਦੌਰਾਨ ਅਕਾਲ ਚਲਾਣਾ ਕਰ ਗਏ ਪਤੀ-ਪਤਨੀ ਸੂਬੇਦਾਰ ਫ਼ਕੀਰ ਸਿੰਘ ਮਰੋਕ ਅਤੇ ਸਰਦਾਰਨੀ ਬਲਬੀਰ ਕੌਰ ਦਾ ਪਰਿਵਾਰ ਵੱਲੋਂ ਅੰਤਿਮ ਸੰਸਕਾਰ ਉਨ੍ਹਾਂ ਦੇ ਪਿੰਡ ਪਰਮਜੀਤਪੁਰ ਵਿਖੇ ਧਾਰਮਿਕ ਰੀਤੀ-ਰਿਵਾਜ਼ ਨਾਲ ਕੀਤਾ ਗਿਆ। ਇਸ ਸਮੇਂ ਫ਼ੌਜ ਦੇ ਸੂਬੇਦਾਰ ਫ਼ਕੀਰ ਸਿੰਘ ਮਰੋਕ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪੁੱਜੀ ਭਾਰਤੀ ਫ਼ੌਜ ਦੇ ਨੌਜਵਾਨਾਂ ਵੱਲੋਂ ਫ਼ੌਜ ਦੇ ਨਿਯਮਾਂ ਅਨੁਸਾਰ ਸਲਾਮੀ ਦਿੱਤੀ ਗਈ। ਸੂਬੇਦਾਰ ਫ਼ਕੀਰ ਸਿੰਘ ਆਮ ਆਦਮੀ ਪਾਰਟੀ ਦੇ ਸੀਨੀਅਰ ਆੜ੍ਹਤੀ ਆਗੂ ਚੇਅਰਮੈਨ ਬਲਦੇਵ ਸਿੰਘ ਪਰਮਜੀਤਪੁਰ ਦੇ ਤਾਏ ਦਾ ਲੜਕਾ ਸੀ ਅਤੇ ਆੜ੍ਹਤੀ ਆਗੂ ਸਰਪੰਚ ਰਾਮ ਸਿੰਘ ਪਰਮਜੀਤਪੁਰ ਦੇ ਦੋਵੇਂ ਮ੍ਰਿਤਕ ਸਕੇ ਭਰਾ-ਭਰਜਾਈ ਸਨ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੇ ਸਪੁੱਤਰ ਰਣਜੀਤ ਸਿੰਘ ਸਾਬੀ ਅਤੇ ਗੁਰਚਰਨ ਸਿੰਘ ਮਿੰਟੂ ਨੇ ਅਗਨ ਭੇਟ ਕੀਤਾ। ਉਨ੍ਹਾਂ ਦੀ ਅੰਤਿਮ ਯਾਤਰਾ 'ਚ ਸਾਬਕਾ ਚੇਅਰਮੈਨ ਸੁਖਵਿੰਦਰ ਸਿੰਘ ਸੁੱਖ, ਐੱਨ. ਆਰ. ਆਈ. ਪ੍ਰਤਾਪ ਸਿੰਘ ਮੋਮੀ ਯੂ. ਕੇ, ਨੰਬਰਦਾਰ ਜੋਗਾ ਸਿੰਘ ਕਾਲੇਵਾਲ, ਅਨਮੋਲ ਪ੍ਰੀਤ ਸਿੰਘ ਕੈਨੇਡਾ, ਅਮਨਪ੍ਰੀਤ ਕੈਨੇਡਾ, ਵਿਰਸਾ ਸਿੰਘ ਕੈਨੇਡਾ, ਮੰਨੂ ਸ਼ਰਮਾ, ਨਗਰ ਕੌਂਸਲ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਦੀਪਕ ਧੀਰ ਰਾਜੂ, ਐਡਵੋਕੇਟ ਰਕੇਸ਼ ਪਾਲ ਪੁਰੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਨਰਿੰਦਰ ਸਿੰਘ ਜੈਨਪੁਰ, ਐਡਵੋਕੇਟ ਭੁਪਿੰਦਰ ਸਿੰਘ, ਅਮਿਤੋਜ ਸਿੰਘ ਐੱਮ. ਡੀ. ਅਕਾਲ ਐਜੂਕੇਸ਼ਨ ਸਰਵਿਸ, ਅਕਾਲ ਗਰੁੱਪ ਦੇ ਐੱਮ. ਡੀ. ਸੁਖਦੇਵ ਸਿੰਘ ਜੱਜ, ਬਲਦੇਵ ਸਿੰਘ ਮੰਗਾ ਆੜ੍ਹਤੀ, ਰਵਿੰਦਰ ਸਿੰਘ ਰਵੀ ਪਿੱਥੋਰਾਹਲ, ਭਾਜਪਾ ਦੇ ਹਲਕਾ ਇੰਚਾਰਜ ਰਕੇਸ਼ ਨੀਟੂ, ਇੰਸਪੈਕਟਰ ਜੈਦੇਵ, ਗੋਪਾਲ ਕ੍ਰਿਸ਼ਨ ਆਦਿ ਵੀ ਹਾਜ਼ਰ ਸਨ।

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

ਉਤਰ ਰੇਲਵੇ
ਈ-ਨਿਵਿਦਾ ਸੂਚਨਾ
ਸੀਨੀਅਰ ਮੰਡਲ ਵਿ. ਇੰਜੀ./ਕ.ਵਿ.ਡੀ.ਆਰ ਐਮ. ਆਫਿਸ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਕੰਮ ਲਈ ਖੁਲ੍ਹੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

1	ਕੰਮ ਦਾ ਨਾਮ ਤੇ ਸਥਾਨ	ਡੀਯੂਕੇ ਸੈਕਸ਼ਨ ਦੇ ਦੀਵਾਨਾ ਤੋਂ ਸ਼ਾਹਬਾਦ ਮਾਰਕੰਡਾ ਦੇ ਵਿਚ 132 ਕੇਵੀ ਟ੍ਰਾਂਸਮਿਸ਼ਨ ਲਾਈਨ ਦਾ ਦੋ ਸਾਲ ਦੇ ਸਮੇਂ ਦੇ ਲਈ ਸਲਾਨਾ ਰਖਰਖਾਅ ਕਾਂਟਰੈਕਟ (ਏਐਮਸੀ)।
2	ਅੰਦਾਜਨ ਲਾਗਤ	Rs. 47,87,972.87/-
3	ਬਿਆਨਾ ਰਾਸ਼ੀ	Rs. 95,800/-
4	ਈ-ਨਿਵਿਦਾ ਆਨਲਾਈਨ ਜਮ੍ਹਾ ਕਰਨ ਦਾ ਸਮਾਂ	10.10.2025 (10:30 ਵਜੇ) ਤੋਂ 24.10.2025 (15:00 ਵਜੇ ਤਕ)
5	ਈ-ਨਿਵਿਦਾ ਸਮਾਪਤੀ ਦੀ ਅੰਤਮ ਅਤੇ ਈ-ਨਿਵਿਦਾ ਖੁਲਣ ਦੀ ਮਿਤੀ ਅਤੇ ਸਮਾਂ	24.10.2025 (15.00 ਵਜੇ)
6	ਨਿਵਿਦਾ ਛਪਾਈ ਦੀ ਲਾਗਤ	07041032
7	ਵੈਬਸਾਈਟ ਵੇਰਵਾ ਜਿਥੋਂ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ।	www.ireps.gov.in

ਨਿਵਿਦਾ ਸੰਖਿਆ: 19-ਕ.ਵਿ.-ਨਵੀਂ ਦਿੱਲੀ-2025-26 ਮਿਤੀ : 25.09.2025 2971/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public

ਸਦਾ ਚੜ੍ਹਦੀ ਕਲਾ ਵਿਚ ਰਹੋ

ਜੇ ਕੁਝ ਗੱਲਾਂ ਪਹਿਲਾਂ ਪਤਾ ਹੁੰਦੀਆਂ ਤਾਂ ਹਰ ਕਿਸੇ ਨੇ ਵੱਖਰੇ ਢੰਗ ਨਾਲ ਜਿਉਣਾ ਸੀ ਪਰ ਇਹ ਗੱਲਾਂ ਪਤਾ ਲਗਦਿਆਂ - ਲਗਦਿਆਂ ਉਮਰ ਮੁੱਕ ਜਾਂਦੀ ਹੈ ।

- ਜ਼ਿੰਦਗੀ ਵਿਚ ਇਨਸਾਫ਼ ਨਹੀਂ ਹੈ। ਕਿਸੇ ਨੂੰ ਵੀ ਸਭ ਕੁਝ ਨਹੀਂ ਮਿਲਦਾ। ਅਕਸਰ ਕੋਈ ਹੋਰਾਂ 'ਚ ਯੋਗਤਾ-ਸਾਮਰੱਥਾ ਨਹੀਂ ਵੇਖਦਾ, ਹਰ ਕੋਈ ਆਪਣਾ ਲਾਭ ਵੇਖਦਾ ਹੈ ਅਤੇ ਆਪਣਿਆਂ ਨੂੰ ਲਾਭ ਪਹੁੰਚਾਉਂਦਾ ਹੈ। ਜਿਨ੍ਹਾਂ ਦਾ ਮੁੱਲ ਪੈਣਾ ਚਾਹੀਦਾ ਹੈ , ਉਹ ਵੇਖਦੇ ਹੀ ਰਹਿ ਜਾਂਦੇ ਹਨ ਅਤੇ ਹੋਰ ਹੀ ਪਿੱਛੋਂ ਆ ਕੇ ਅੱਗੇ ਲੰਘ ਜਾਂਦੇ ਹਨ ।
- ਲੋਕ ਸਾਡੀਆਂ ਆਸਾਂ ਤੇ ਪੂਰੇ ਨਹੀਂ ਉੱਤਰਦੇ ਕਿਉਂਕਿ ਅਸੀਂ ਵੀ ਉਨ੍ਹਾਂ ਦੀਆਂ ਆਸਾਂ ਤੇ ਪੂਰੇ ਨਹੀਂ ਉਤਰਦੇ ।
- ਲੋਕ ਮਿਹਨਤ ਨਾਲ ਵਿਕਾਸ ਕਰਨਾ ਨਹੀਂ ਚਾਹੁੰਦੇ, ਬਦਲਣਾ ਨਹੀਂ ਚਾਹੁੰਦੇ, ਚਾਹੁੰਦੇ ਹਨ ਕਿ ਉਨ੍ਹਾਂ ਨੂੰ ਸਭ ਕੁਝ ਬਣਿਆ-ਬਣਾਇਆ ਮਿਲ ਜਾਵੇ ।
- ਜ਼ਿੰਦਗੀ ਵਿਚ ਭਾਂਤ-ਭਾਂਤ ਦੇ ਘਾਟੇ ਪੈਂਦੇ ਹਨ ਅਤੇ ਪੈਂਦੇ ਰਹਿੰਦੇ ਹਨ । ਜਿਹੜੇ ਫੈਸਲੇ ਬੜੀ ਸੋਚ-ਵਿਚਾਰ ਅਤੇ ਕਈਆਂ ਨਾਲ ਸਲਾਹ ਕਰਨ ਉਪਰੰਤ ਲਏ ਜਾਂਦੇ ਹਨ, ਅਕਸਰ ਉਹ ਹੀ ਗਲਤ ਸਿੱਧ ਹੁੰਦੇ ਹਨ।

- ਜਿਉਂ-ਜਿਉਂ ਉਮਰ ਵਧਦੀ ਹੈ, ਪਤਲੇ ਹੋਣਾ ਮੁਸ਼ਕਲ ਹੋਈ ਜਾਂਦਾ ਹੈ । ਵਿਆਹ ਮੌਜ-ਮੇਲਾ ਹੀ ਨਹੀਂ ਹੁੰਦਾ, ਇਹ ਜ਼ਿੰਦਗੀ ਭਰ ਸੁਹਿਦਰਤਾ ਅਤੇ ਕੁਰਬਾਨੀ ਨਾਲ ਨਿਭਾਈ ਜਾਣ ਵਾਲੀ ਜ਼ਿੰਮੇਵਾਰੀ ਵੀ ਹੁੰਦਾ ਹੈ।
- ਬੁਢਾਪੇ ਦੀ ਇਕੱਲਤਾ ਵਿਚ ਪਤੀ-ਪਤਨੀ ਦੋਹਾਂ ਲਈ, ਇਕ- ਦੂਜੇ ਦੀ ਹਾਜ਼ਰੀ ਬੜੀ ਜ਼ਰੂਰੀ ਹੁੰਦੀ ਹੈ । ਬੁਢਾਪੇ ਵਿਚ ਬਹੁਤੀਆਂ ਚੀਜ਼ਾਂ ਦੀ ਲੋੜ ਨਹੀਂ ਪੈਂਦੀ ਪਰ ਜਿਨ੍ਹਾਂ ਦੀ ਪੈਂਦੀ ਹੈ, ਉਨ੍ਹਾਂ ਦੀ ਬਹੁਤ ਪੈਂਦੀ ਹੈ।
- ਹੋਰਾਂ ਨੂੰ ਖੁਸ਼ ਕਰਨ ਦੇ ਯਤਨ ਸਫ਼ਲ ਨਹੀਂ ਹੁੰਦੇ ।
- ਜਿਹੜੇ ਸਾਨੂੰ ਪਸੰਦ ਨਹੀਂ ਕਰਦੇ, ਉਹ ਕਿਸੇ ਹਾਲਤ ਵਿਚ ਪਸੰਦ ਨਹੀਂ ਕਰਨਗੇ, ਜਿਹੜੇ ਕਰਦੇ ਹਨ, ਉਹ ਹਰ ਹਾਲ ਵਿਚ ਕਰਨਗੇ। ਆਪਣਾ ਧਿਆਨ ਆਪ ਹੀ ਰੱਖਣਾ ਪੈਂਦਾ ਹੈ । ਭਾਵਕ, ਸਰੀਰਕ, ਮਾਨਸਿਕ ਅਤੇ ਆਤਮਕ ਪੱਖੋਂ ਮਜ਼ਬੂਤ ਹੋਵੋ ਨਹੀਂ ਤਾਂ ਟੁੱਟ ਜਾਓਗੇ।
- ਕਹੋ ਜੋ ਮਰਜ਼ੀ, ਜੀਵਨ ਦੇ ਕੋਈ ਅਰਥ ਨਹੀਂ, ਸਾਰੀਆਂ ਜ਼ਰਬਾਂ- ਤਕਸੀਮਾਂ ਅਖੀਰ ਵਿਚ ਸਿਫਰ ਹੋ ਜਾਂਦੀਆਂ ਹਨ।
- ਧੰਨਵਾਦੀ ਹੋਣਾ ਸਿੱਖਣਾ ਚਾਹੀਦਾ ਹੈ ।
- ਮੁਆਫ਼ੀ ਮੰਗਣ ਅਤੇ ਮਾਫ਼ ਕਰਨ ਨਾਲ ਸੁੱਖ ਮਿਲਦਾ ਹੈ। ਸਾਨੂੰ ਇਹੀ ਜਨਮ ਮਿਲਿਆ ਹੈ, ਜੋ ਕਰਨਾ ਹੈ, ਉਹ ਇਸੇ ਜਨਮ ਵਿਚ ਕਰੋ , ਹੋਰ ਕੋਈ ਜਨਮ ਨਹੀਂ ਮਿਲਣਾ।
- ਲਾਪਰਵਾਹੀ ਤਿਆਗੋ ਅਤੇ ਸੁਚੇਤ ਹੋ ਕੇ , ਜ਼ਿੰਮੇਵਾਰੀ ਨਾਲ ਜੀਵੋ। ਚੜ੍ਹਦੀ ਕਲਾ ਵਿਚ ਅਤੇ ਆਸਵੰਦ ਰਹਿਣ ਨਾਲ ਜ਼ਿੰਦਗੀ ਸੌਖੀ ਹو ਜਾਂਦੀ ਹੈ ।

• **ਨਰਿੰਦਰ ਸਿੰਘ ਕਪੂਰ**, 98158-80434

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ...

ਲੜਕੀ ਦੀ ਵਿਦਾਈ ਸਮੇਂ 'ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ' ਲੋਕ ਗੀਤ ਦੀ ਧੁੰਨ ਵੱਜਦੀ ਹੈ ਤਾਂ ਲਗਪਗ ਸਾਰੀਆਂ ਔਰਤਾਂ ਦੀਆਂ ਭਾਵਨਾਵਾਂ ਅੱਖਾਂ 'ਚੋਂ ਝਲਕਦੀਆਂ ਹਨ...

ਅੱਜ ਰਤ ਇਕਹਿਰੀ ਜ਼ਿੰਦਗੀ ਦੇ ਅਨੁਭਵਾਂ 'ਚੋਂ ਗੁਜ਼ਰਦੀ, ਅਨੇਕਾਂ ਭੂਮਿਕਾਵਾਂ ਨਿਭਾਉਂਦੀ, ਮਾਨਸਿਕ ਤੌਰ 'ਤੇ ਕਈ ਭਾਵਨਾਵਾਂ ਨੂੰ ਜਨਮ ਦਿੰਦੀ ਹੈ। ਸਮਾਜਿਕ ਤੌਰ ਤੇ ਪ੍ਰਮਾਣਿਤ ਅੱਧ ਪੱਚਦੀਆਂ ਭਾਵਨਾਵਾਂ ਜ਼ਾਹਿਰ ਹੋ ਜਾਂਦੀਆਂ ਹਨ ਪਰ ਇਕ ਵਿਸ਼ਾਲ ਹਿੱਸਾ ਮਹਾਂਸਾਗਰ ਦੇ ਤਲ 'ਚ ਦੱਬੇ ਮੋਤੀਆਂ ਵਾਂਗ ਅਪਹੁੰਚ ਰਹਿੰਦਾ ਹੈ। ਅਧੁਨਿਕ ਯੁੱਗ ਨੇ ਔਰਤ ਦੇ ਵਿਚਾਰ ਪ੍ਰਵਾਹ ਨੂੰ ਆਪਹੁੰਦਰਾਪਨ ਦੇ ਕੇ ਕੁਝ ਹੱਦ ਤਕ ਖੁੱਲ੍ਹ ਪ੍ਰਦਾਨ ਕਰ ਦਿੱਤੀ ਹੈ ਪਰ ਪੁਰਾਤਨ ਸਮੇਂ ਮੂੰਹੋਂ ਬੋਲਣਾ ਤਾਂ ਇਕ ਪਾਸੇ ਸਿਰ ਹਿਲਾਉਣਾ ਵੀ ਮਨਜ਼ੂਰ ਨਹੀਂ ਸੀ। ਇਸ ਬਾਵਜੂਦ ਮਨੋਵਿਗਿਆਨਕ ਤੌਰ 'ਤੇ ਮਨੋਭਾਵ ਅੰਦਰ ਡੱਕੇ ਨਹੀਂ ਜਾ ਸਕਦੇ। ਇਹ ਕਿਸੇ ਨਾ ਕਿਸੇ ਮਾਧਿਅਮ ਨਾਲ ਬਾਹਰ ਜ਼ਰੂਰ ਨਿਕਲ ਦੇ ਸਨ, ਜਿਸ ਨਾਲ ਮਾਨਸਿਕ ਸੰਤੁਲਨ ਬਣਿਆਂ ਰਹਿੰਦਾ ਸੀ। ਉਸ ਸਮੇਂ ਇਨ੍ਹਾਂ ਮਨ ਦੀਆਂ ਤਹਿਆਂ 'ਚ ਦੱਬੇ ਮਨੋਭਾਵਾਂ ਦੀ ਵਿਆਖਿਆ ਕਰ ਕੇ ਲੋਕ ਗੀਤਾਂ ਨੇ ਸੋਹਣਾ ਸਹਾਰਾ ਦਿੱਤਾ। ਵੱਖ-ਵੱਖ ਮੌਕਿਆਂ 'ਤੇ ਰਚੇ, ਪੇਕੇ ਤੇ ਸਹੁਰੇ ਘਰ ਨਾਲ ਸਬੰਧਿਤ ਲੋਕ ਗੀਤ ਔਰਤ ਦੇ ਸੂਖ਼ਮ ਮਨੋਭਾਵਾਂ ਦੀ ਸਥੂਲ ਵਿਆਖਿਆ ਦੀ ਤਰ੍ਹਾਂ ਹੀ ਹਨ। ਪੇਕੇ ਘਰ ਧੀ ਦੀ ਸਭ ਤੋਂ ਵੱਧ ਪੈਰਵੀ ਸੁਹਾਗ ਕਰਦੇ ਹਨ। ਸੁਹਾਗ ਵਿਆਹ ਦੇ ਮੌਕੇ ਗਾਇਆ ਜਾਣ ਵਾਲਾ ਔਰਤਾਂ ਦਾ ਗੀਤ ਹੈ ਜਿਸ 'ਚ ਵਿਆਹ ਤੋਂ ਪਹਿਲਾਂ ਮਨ ਦੇ ਵਲਵਲਿਆਂ ਨੇ ਸ਼ਾਬਦਿਕ ਰੂਪ ਲੈ ਕੇ ਵੱਖ-ਵੱਖ ਵਿਸ਼ੇ ਛੋਹੇ ਹਨ। ਜਿਵੇਂ ਮੁਟਿਆਰ ਵਰ ਦੇ ਰੂਪ 'ਚ ਸੁੰਦਰ ਪਤੀ ਦੀ ਕਾਮਨਾ ਕਰਦੀ ਹੈ :

ਬੇਟੀ, ਚੰਨਣ ਦੇ ਓਹਲੇ-ਓਹਲੇ ਕਿਉਂ ਖੜੀ?
ਮੈਂ ਤਾਂ ਖੜ੍ਹੀ ਸਾਂ ਬਾਬਲ ਜੀ ਦੇ ਬਾਰ
ਬਾਬਲ ਵਰ ਲੋੜੀਏ...
ਬੇਟੀ, ਕਿਹੋ ਜਿਹਾ ਵਰ ਲੋੜੀਏ?
ਬਾਬਲ, ਜਿਉਂ ਤਾਰਿਆਂ ਵਿੱਚੋਂ ਚੰਨ
ਚੰਨਾਂ ਵਿੱਚੋਂ ਕਾਨ੍ਹ, ਕਨ੍ਹੱਈਆ ਵਰ ਲੋੜੀਏ...

ਇਸ ਸੁਹਾਗ 'ਚ ਬੇਟੀ ਬਾਪ ਦੇ ਵਾਰਤਾਲਾਪ ਦੁਆਰਾ ਬੇਟੀ ਬਾਬਲ ਅੱਗੇ ਮਨ ਦੀਆਂ ਪਰਤਾਂ ਖੋਲ੍ਹ ਕੇ ਰੱਖਦੀ ਹੈ ਕਿ ਉਹ ਕਿਹੋ-ਜਿਹਾ ਵਰ ਲੋਚਦੀ ਹੈ, ਜੋ ਮੂੰਹੋ ਬੋਲ ਕੇ ਕਦੇ ਵੀ ਨਹੀਂ ਕਹਿ ਸਕਦੀ। ਉਸ ਦੇ ਹਿੱਸੇ ਦੀ ਗੱਲ ਲੋਕ ਗੀਤਾਂ ਨੇ ਕਹਿ ਦਿੱਤੀ। ਬੇਟੀ ਬਾਬਲ ਰਾਜੇ ਕੋਲੋਂ ਵਰ ਹੀ ਸੋਹਣਾ ਨਹੀਂ ਲੋਚਦੀ ਸਗੋਂ ਚਾਹੁੰਦੀ ਹੈ ਕਿ ਸਹੁਰੇ ਪਰਿਵਾਰ ਦੀ ਪਿੰਡ 'ਚ ਸਰਦਾਰੀ ਹੋਵੇ ਤੇ ਘਰ-ਬਾਰ ਤਕੜਾ ਵੀ ਹੋਵੇ :

ਦੇਈਂ, ਦੇਈਂ ਵੇ ਬਾਬਲਾ ਓਸ ਘਰੇ
ਜਿੱਥੇ ਬੂਰੀਆਂ ਝੋਟੀਆਂ ਸੱਠ...
ਇਕ ਰਿੜਕਾਂ ਇਕ ਜਮਾਇਸਾਂ
ਵੇ ਮੇਰਾ ਚਾਟੀਆਂ ਦੇ ਵਿਚ ਹੱਥ
ਬਾਬਲ ਤੇਰਾ ਪੁੰਨ ਹੋਵੇ...

ਜਿੱਥੇ ਇਕ ਪਾਸੇ ਵਿਆਹ ਪ੍ਰਤੀ ਚਾਅ ਹੁੰਦਾ ਹੈ ਉੱਥੇ ਦੂਸਰੇ ਪਾਸੇ ਲਾੜਾ ਚਾਵਾਂ ਨਾਲ ਪਲੀ ਧੀ ਨੂੰ ਵਿਛੜਨ ਦਾ ਦੁੱਖ ਵੀ। ਜ਼ਿੰਦਗੀ ਦਾ ਇਕ ਸੁਨਹਿਰੀ ਹਿੱਸਾ ਬਚਪਨ ਤੋਂ ਜਵਾਨੀ ਤਕ ਬਾਬਲ ਦੇ ਵਿਹੜੇ ਗੁਜ਼ਾਰਨ ਤੋਂ ਬਾਅਦ ਵੱਖ ਹੋਣ ਦੀ ਚੀਸ ਦਾ ਉੱਠਣਾ ਸੁਭਾਵਿਕ ਹੈ। ਜਿਸ ਨੂੰ ਲੋਕ ਗੀਤ ਰਚੇਤਿਆਂ ਨੇ ਸ਼ਬਦ ਚਿੱਤਰਾਂ ਦੇ ਰੂਪ 'ਚ ਖੂਬਸੂਰਤੀ ਨਾਲ ਚਿਤਰਿਆ ਹੈ। ਜੋ ਮੌਕਾਮੇਲ ਦੇ ਹਿਸਾਬ ਨਾਲ ਬਿਲਕੁਲ ਢੁਕਵੇਂ ਹਨ :

ਨਿੱਕੀ ਜਿਹੀ ਸੂਈ ਵੱਟਵਾਂ ਧਾਗਾ
ਬੈਠ ਕਸੀਦਾ ਕੱਢ ਰਹੀ ਆਂ
ਆਉਂਦੇ-ਜਾਂਦੇ ਰਾਹੀ ਪੁੱਛਦੇ
ਤੂੰ ਕਿਉਂ ਬੀਬੀ ਰੋ ਰਹੀ ਆਂ
ਬਾਬਲ ਮੇਰੇ ਕਾਜ ਰਚਾਇਆ
ਮੈਂ ਪਰਦੇਸਣ ਹੋ ਰਹੀ ਆਂ...

ਅਵੇਸਲੇ ਹੋਏ ਬਾਬੁਲ ਨੂੰ ਇਸ ਗੀਤ ਰਾਹੀਂ ਝੰਜੋੜ ਕੇ ਜਗਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਜੋ ਕਿ ਇਹ ਭੁੱਲ ਗਿਆ ਹੈ ਕਿ ਉਸ ਦੀ ਧੀ ਜਵਾਨ ਹੋ ਚੁੱਕੀ ਹੈ ਤੇ ਹੁਣ ਲੰਮੀਆਂ ਤਾਣ ਕੇ ਸੌਣ ਦਾ ਨਹੀਂ ਸਗੋਂ ਬੇਟੀ ਲਈ ਵਰ ਲੱਭਣ ਦਾ ਸਮਾਂ ਹੈ। ਕਿਉਂਕਿ ਸ਼ਰੀਕਾਂ ਦੇ ਤਾਹਨੇ-ਮਿਹਣੇ ਕਿਸੇ ਹਥਿਆਰ ਤੋਂ ਜ਼ਿਆਦਾ ਡੂੰਘੇਰੇ ਜ਼ਖ਼ਮ ਦਿੰਦੇ ਹਨ ਤੇ ਜਿਨ੍ਹਾਂ ਦੀ ਚੀਸ ਅਸਹਿ ਤੇ ਅਕਹਿ ਹੁੰਦੀ ਹੈ :

ਚੜ੍ਹ ਚੁਬਾਰੇ ਸੁੱਤਿਆ ਬਾਬਲ, ਆਈ ਬਨੇਰੇ ਦੀ ਛਾਂ...
ਤੂੰ ਸੁੱਤਾ ਲੋਕੀਂ ਜਾਗਦੇ, ਘਰ ਬੇਟੜੀ ਹੋਈ ਮੁਟਿਆਰ...

ਵਿਆਹੀ ਜਾਣ ਮਗਰੋਂ ਸਹੁਰੇ ਘਰ ਲੜਕੀ ਇਕ ਪਤਨੀ ਇਕ ਨੂੰਹ ਦੀ ਭੂਮਿਕਾ ਨਿਭਾਉਂਦੀ ਹੈ ਅਜਿਹੀ ਮਾਨਸਿਕ ਹਾਲਤ ਨੂੰ ਵੀ ਲੋਕ ਗੀਤਾਂ ਨੇ ਆਪਣੇ ਕਲਾਵੇ ਅੰਦਰ ਲਿਆ ਹੈ ਜਿਵੇਂ ਟੱਪੇ, ਬੋਲੀਆਂ ਆਦਿ 'ਚ ਸਹੁਰੇ, ਸੱਸ, ਪਤੀ, ਨਨਾਣ, ਜੇਠ, ਦਿਓਰ ਦਾ ਜ਼ਿਕਰ ਤਾਂ ਹੈ ਹੀ, ਇਸ ਦੇ ਨਾਲ-ਨਾਲ ਆਪਣੇ ਪੇਕੇ ਘਰ ਦਾ ਮੋਹ ਵੀ ਦਿਖਾਇਆ ਗਿਆ ਹੈ। ਸੱਸ ਬਾਰੇ ਜ਼ਿਆਦਾਤਰ ਸਾਰੀਆਂ ਨੂੰ ਹਾਂ ਦੇ ਮਨ 'ਚ ਰਲ਼ਦੇ-ਮਿਲਦੇ ਵਿਚਾਰ ਹੀ ਹੁੰਦੇ ਹਨ। ਜਿੱਥੇ ਚਾਰ ਭਾਂਡੇ ਹੋਣਗੇ ਖੜਕਣਾ ਤਾਂ ਲਾਜ਼ਮੀ ਹੈ ਸੱਸ ਨੂੰਹ ਦੀ ਮਿੱਠੜੀ-ਮਿੱਠੜੀ ਗੱਲਬਾਤ ਹੌਲੀ-ਹੌਲੀ ਤੂੰ-ਤੂੰ, ਮੈਂ-ਮੈਂ ਦਾ ਰੂਪ ਲੈਂਦੀ ਹੈ ਤੇ ਨਿਸ਼ਾਨਾ ਪੇਕਾ ਪਰਿਵਾਰ ਹੀ ਹੁੰਦਾ ਹੈ। ਕਈ ਨੂੰਹਾਂ ਤਾਂ ਬਰਾਬਰ ਮੁਕਾਬਲੇ ਵਾਲੀਆਂ ਹੁੰਦੀਆਂ, ਫਿਰ ਸੱਸ ਨੂੰਹ ਦਾ ਮੁਕਾਵਲਾ ਆਹਮੋ-ਸਾਹਮਣੇ ਵਾਲੀ ਬੋਲੀ ਅਮਲੀ ਰੂਪ ਲੈ ਲੈਂਦੀ ਹੈ ਤੇ ਕੁਝ ਨੂੰਹਾਂ ਮੌਕਾ ਸਾਂਭ ਲੈਂਦੀਆਂ ਹਨ, ਹਊ ਪਰੇ ਕਹਿ ਕੇ ਸਹਿਣ ਕਰਨ ਦਾ ਸੁਭਾਅ ਰੱਖਦੀਆਂ ਹਨ ਪਰ ਗੁੱਸੇ ਦਾ ਭਾਵ ਬਰਾਬਰ ਹੀ ਪੈਦਾ ਹੁੰਦਾ ਹੈ। ਮਨ ਦੇ ਵਲਵਲੇ ਜੋ ਔਰਤਾਂ ਸਿੱਧੇ ਤੌਰ 'ਤੇ ਨਹੀਂ ਕਹਿ ਸਕਦੀਆਂ ਲੋਕ ਗੀਤਾ ਰਾਹੀਂ ਬਾਖੂਬੀ ਭੜਾਸ ਕੱਢੀਆਂ ਹਨ। ਗੁੱਸੇ ਦਾ ਭਾਵ ਪੇਸ਼ ਕਰਦੀ ਇਕ ਬੋਲੀ ਹੈ :

ਸੁਣ ਨੀ ਸੱਸੇ ਬਾਰਾਂ ਤਾਲੀਏ
ਮੈਂ ਤੈਨੂੰ ਸਮਝਾਵਾਂ
ਜਿਹੜੀ ਤੇਰੀ ਸੇਰ ਪੰਜੀਰੀ
ਵਿਹੜੇ ਵਿਚ ਖਿੰਡਾਵਾਂ
ਜਿਹੜੇ ਤੇਰੇ ਚਾਰ ਕੁ ਲੀੜੇ
ਸਣੇ ਸੰਦੂਕ ਅੱਗ ਲਾਵਾਂ
ਗਾਲ਼ ਭਰਾਵਾਂ ਦੀ
ਮੈਂ ਨਾ ਮੁੜ ਮੁੜ ਖਾਵਾਂ...

ਕਈ ਲੋਕ ਗੀਤ ਐਸੇ ਹਨ ਜਿਨ੍ਹਾਂ ਵਿਚ ਸਹੁਰੇ ਨੂੰ ਰੱਬ ਰੂਪ ਦਰਸਾਇਆ ਗਿਆ ਹੈ ਪਰ ਕੁਝ ਲੋਕ ਗੀਤਾਂ 'ਚ ਸਹੁਰੇ ਨੂੰ ਵੀ ਲੰਮੇ ਹੱਥੀ ਲਿਆ ਗਿਆ ਹੈ। ਪੁਰਾਤਨ ਸਮੇਂ ਵੱਡਿਆਂ ਬਜ਼ੁਰਗਾਂ ਤੋਂ ਘੁੰਡ ਕੱਢਣਾ ਬਹੁਤ ਜ਼ਰੂਰੀ ਸਮਝਿਆ ਜਾਂਦਾ ਸੀ ਕਿਉਂਕਿ ਇਹ ਸਾਡੇ ਪੁਰਾਤਨ ਸਮਾਜ 'ਚ ਸ਼ਰਮ ਤੇ ਹਯਾ ਦਾ ਪ੍ਰਤੀਕ ਸੀ। ਜਿਸ ਨੂੰ ਔਰਤਾਂ ਦੁਆਰਾ ਇਕ ਬੰਦਿਸ਼ ਸਮਝਿਆ ਜਾਂਦਾ ਸੀ। ਜੇ ਸਹੁਰਾ ਅਚਾਨਕ ਆ ਜਾਵੇ ਤਾਂ ਉੱਪਰੋਂ ਘੁੰਡ ਨਾ ਕੱਢਿਆ ਹੋਵੇ ਤਾਂ ਆਪ ਮੁਹਾਰੇ ਮਨ 'ਚ ਇਹ ਭਾਵ ਆ ਗਿਆ ਹੋਣਾ ਏ ਤੇ ਸ਼ਾਇਦ ਇਹ ਲੋਕ ਗੀਤ ਬਣ ਗਿਆ :

ਵਿਹੜੇ ਵੜਦਾ ਖ਼ਬਰ ਨਹੀਂ ਕਰਦਾ,
ਬਾਬੇ ਗਲ਼ ਟੱਲੀ ਪਾ ਦਿਉ।

ਦੂਰ ਪ੍ਰਦੇਸ 'ਚ ਕੰਮ-ਕਿਤੇ ਲਈ ਗਏ ਪਤੀ ਦੀ ਅਣਹੋਂਦ 'ਚੋਂ ਉਪਜੇ ਲੋਕ ਗੀਤ ਹੀ ਹਾਲ ਦੇ ਮਹਿਰਮ ਬਣਕੇ ਦਿਲ ਦੀ ਹੂਕ ਨਾਲ ਦੂਰ ਦੁਰਾਡੇ ਗਏ ਢੋਲਣ ਨੂੰ ਪੁਕਾਰਦੇ ਔਰਤ ਮਨ ਦੀ ਗਾਥਾ ਬਿਆਨ ਕਰਦੇ ਹਨ। ਇਹ ਚੀਸ ਢੋਲੇ, ਮਾਹੀਏ, ਟੱਪੇ, ਬੋਲੀਆਂ ਨਾਲ ਸਾਂਝ ਪਾ ਕੇ ਵੇਲੇ-ਕੁਵੇਲੇ, ਇਕਲਾਪੇ ਜਾਂ ਵਿਆਹ ਸ਼ਾਦੀ ਦੇ ਮੌਕੇ ਪਰਬਤ 'ਚੋਂ ਝਰਨੇ ਵਾਂਗ ਫੁੱਟਦੇ ਮਨ ਵਿਚਲੇ ਭਾਰ ਨੂੰ ਹੌਲ਼ਾ ਕਰਦੇ ਹਨ।

ਰਾਹੀ ਜਾਂਦਿਆ ਵੇ, ਪੀਲੂ ਖਾਂਦਿਆ ਵੇ,
ਆਖੀਂ ਢੋਲਣ ਨੂੰ ਜਾ, ਦਾਖਾਂ ਪੱਕੀਆਂ ਵੇ,
ਆਸਾਂ ਰੱਖੀਆਂ ਵੇ, ਢੋਲਾ ਮੁੜ ਘਰ ਆ।

ਵਿਛੋੜੇ ਦੇ ਭਾਵ 'ਚੋਂ ਨਿਕਲੇ ਲੋਕ ਗੀਤ ਅਸਿੱਧੇ ਤੌਰ ਤੇ ਨਵ-ਵਿਆਹੀ ਦੇ ਮਨ ਦੀਆਂ ਗੁਜਾਰਿਸ਼ਾਂ ਹੀ ਹਨ। ਬਹੁਤੇ ਲੋਕ ਗੀਤਾਂ 'ਚ ਮਾਹੀ ਦਾ ਸਬੰਧਿਤ ਫ਼ੌਜ ਨਾਲ ਦਰਸਾਇਆ ਗਿਆ ਹੈ। ਵੱਖ-ਵੱਖ ਵਿਭਾਗਾਂ 'ਚ ਨੌਕਰੀਆਂ ਅਧੁਨਿਕ ਯੁੱਗ ਦੀ ਹੀ ਦੇਣ ਹਨ। ਪੁਰਾਤਨ ਪੇਂਡੂ ਲੋਕ ਰੋਜ਼ੀ-ਰੋਟੀ ਤੇ ਬਾਹਰੀ ਹਮਲਿਆਂ ਤੋਂ ਦੇਸ਼ ਦੀ ਰੱਖਿਆ ਲਈ ਫ਼ੌਜ 'ਚ ਭਰਤੀ ਹੁੰਦੇ ਸਨ। ਪਰ ਪਤਨੀ ਨੂੰ ਕਿਸੇ ਕੰਮ-ਕਾਰ ਜਾਂ ਨੌਕਰੀ ਨਾਲ ਕੋਈ ਵਾਸਤਾ ਨਹੀਂ ਸੀ ਹੁੰਦਾ, ਇੱਥੋਂ ਤਕ ਕਿ ਉਹ ਤਾਂ ਇਹ ਵੀ ਚਾਹੁੰਦੀ ਹੈ ਕਿ ਪਤੀ ਸਭ ਕੰਮਕਾਰ ਛੱਡ ਕੇ ਘਰ ਵਾਪਸ ਆ ਜਾਵੇ। ਕਿਉਂਕਿ ਪ੍ਰਦੇਸੀ ਪਤੀ ਦੀ ਨੌਕਰੀ, ਪਤਨੀ ਲਈ ਉਮਰ ਕੈਦ ਬਰਾਬਰ ਹੈ ਤੇ ਘਰ ਜੇਲ੍ਹਖਾਨੇ ਤੋਂ ਘੱਟ ਨਹੀਂ।

ਬਾਂਕੇ ਸਿਪਾਹੀ ਦੀ ਚਾਂਦੀ ਦੀ ਸੋਟੀ ਵਿਚ ਚਾਂਦੀ ਦੀ ਠੋਕਰ,
ਕੈਦਾਂ ਉਮਰ ਦੀਆਂ, ਕੰਤ ਜਿਨਾਂ ਦੇ ਨੌਕਰ।

ਔਰਤ ਦੇ ਵਿਸ਼ਾਲ ਹਿਰਦੇ 'ਚੋਂ ਕਦੋਂ ਕਿਹੜਾ ਭਾਵ ਉਜਾਗਰ ਹੋ ਜਾਵੇ ਇਹ ਤਾਂ ਉਸ ਨੂੰ ਵੀ ਨਹੀਂ ਪਤਾ। ਕਿਸੇ ਸਮੇਂ ਉਹ ਕਠੋਰ ਪਹਾੜ ਜਾਪਦੀ ਹੈ ਤੇ ਕਿਸੇ ਸਮੇਂ ਇਹ ਪਹਾੜ ਬਰਫ਼ ਵਾਂਗੂ ਪਿਘਲ ਨਦੀ ਦੀ ਤਰ੍ਹਾਂ ਵਹਿਣ ਲੱਗ ਜਾਂਦਾ ਹੈ। ਪਿਆਰ, ਨਫ਼ਰਤ, ਗੁੱਸੇ, ਵਿਛੋੜੇ ਤੋਂ ਇਲਾਵਾ ਔਰਤ ਦੇ ਇਕ ਹੋਰ ਭਾਵ ਵਹਿਮ ਜਾਂ ਸ਼ੱਕ ਦਾ ਜ਼ਿਕਰ ਵੀ ਕਈ ਲੋਕ ਗੀਤਾਂ 'ਚ ਵੇਖਣ ਨੂੰ ਮਿਲਦਾ ਹੈ। ਔਰਤ ਦੇ ਸ਼ੱਕ ਦੀ ਇਹ ਖ਼ਾਸੀਅਤ ਹੈ ਕਿ ਇਸ ਨੂੰ ਰੱਬ ਵੀ ਦੂਰ ਨਹੀਂ ਕਰ ਸਕਦਾ। ਔਰਤ ਮਨ ਦਾ ਸ਼ੱਕੀ ਹੋਣਾ ਸੁਭਾਵਿਕ ਹੈ ਕਿਉਂਕਿ ਇਹ ਵੀ ਪਿਆਰ ਦਾ ਇਕ ਗੁੱਝਾ ਰੂਪ ਹੀ ਹੁੰਦਾ ਹੈ ਔਰਤ ਦੇ ਇਸ ਭਾਵ ਨਾਲ ਸੰਬੰਧਿਤ ਵੀ ਲੋਕ ਗੀਤ ਦੇਖੇ ਜਾ ਸਕਦੇ ਹਨ :

ਸੱਸੇ ਤੂੰ ਸਮਝਾ ਲੈ ਪੁੱਤ ਨੂੰ , ਘਰ ਬਿਗਾਨੇ ਜਾਂਦਾ
ਘਰ ਦੀ ਸ਼ੱਕਰ ਬੂਰੇ ਵਰਗੀ , ਗੁੜ ਚੋਰੀ ਦਾ ਖਾਂਦਾ...

ਲੋਕ ਗੀਤਾਂ ਨੇ ਔਰਤ ਦੇ ਮਨੋਵਿਗਿਆਨਕ ਹਾਲ ਨੂੰ ਫਰੋਲ ਕੇ ਸਾਹਮਣੇ ਲੈ ਆਂਦਾ ਹੈ। ਲੋਕ ਗੀਤਾਂ ਨੇ ਜ਼ਿੰਦਗੀ ਦਾ ਕੋਈ ਵੀ ਵਿਸ਼ਾ ਨਹੀਂ ਛੱਡਿਆ ਸਗੋਂ ਬਰੀਕੀ ਨਾਲ ਛੋਹਿਆ ਹੈ। ਇਹੋ ਕਾਰਨ ਹੈ ਕਿ ਇਹ ਅੱਜ ਵੀ ਕਈ ਲੋਕਾਂ ਨੂੰ ਯਾਦ ਹਨ। ਜਿਨ੍ਹਾਂ ਨਾਲ ਲੋਕਾਂ ਦੀ ਕਿਤੇ ਨਾ ਕਿਤੇ ਸਾਂਝ ਅੱਜ ਤਕ ਵੀ ਕਾਇਮ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾਂਦਾ ਹੈ ਕਿ ਜਦੋਂ ਲੜਕੀ ਦੀ ਵਿਦਾਈ ਸਮੇਂ 'ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ' ਲੋਕ ਗੀਤ ਦੀ ਧੁੰਨ ਵੱਜਦੀ ਹੈ ਤਾਂ ਲਗਪਗ ਸਾਰੀਆਂ ਔਰਤਾਂ ਦੀਆਂ ਭਾਵਨਾਵਾਂ ਅੱਖਾਂ 'ਚੋਂ ਝਲਕਦੀਆਂ ਹਨ। ਇਸ ਤਰ੍ਹਾਂ ਅੱਜ ਵੀ ਔਰਤਾਂ ਦੇ ਮਨੋਭ

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਲਾਡਵਾ ਅਨਾਜ ਮੰਡੀ ਤੋਂ ਕੀਤਾ ਝੋਨੇ ਦੀ ਖਰੀਦ ਕੰਮ ਦੀ ਸ਼ੁਰੂਆਤ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਨੇ ਕਿਸਾਨਾਂ ਦੇ ਹਿੱਤ ਨੂੰ ਦੇਖਦੇ ਹੋਏ ਝੋਨਾ ਖਰੀਦ ਕੰਮ ਨੂੰ 1 ਅਕਤੂਬਰ ਦੀ ਥਾਂ 22 ਸਤੰਬਰ ਤੋਂ ਸ਼ੁਰੂ ਕਰਨ ਦਾ ਕੰਮ ਕੀਤਾ ਹੈ। ਸਰਕਾਰ ਵੱਲੋਂ ਘੱਟੋ ਘੱਟ ਸਹਾਇਕ ਮੁੱਲ 'ਤੇ ਕਿਸਾਨਾਂ ਦੀ ਝੋਨੇ ਦੀ ਫਸਲ ਦਾ ਇੱਕ -ਇੱਕ ਦਾਨਾ ਖਰੀਦਿਆ ਜਾਵੇਗਾ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸੋਮਵਾਰ ਨੂੰ ਜਿਲ੍ਹਾ ਕੁਰੁਕਸ਼ੇਤਰ ਦੀ ਲਾਡਵਾ ਅਨਾਜ ਮੰਡੀ ਵਿੱਚ ਝੋਨੇ ਦੀ ਖਰੀਦ ਕੰਮ ਦੀ ਸ਼ੁਰੂਆਤ ਕਰਨ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਲਾਡਵਾ ਅਨਾਜ ਮੰਡੀ ਵਿੱਚ ਝੋਨੇ ਦੀ ਖਰੀਦ ਕੰਮ ਨੂੰ ਕਰਵਾਇਆ ਅਤੇ ਕਿਸਾਨਾਂ ਅਤੇ ਵਪਾਰੀਆਂ ਨਾਲ ਗਲਬਾਤ ਕਰਦੇ ਹੋਏ ਕਿਹਾ ਕਿ ਕਿਸਾਨਾਂ ਦੀ ਅਪੀਲ 'ਤੇ ਝੋਨਾ ਖਰੀਦ ਕੰਮ ਨੂੰ ਨਿਰਧਾਰਿਤ ਸਮੇਂ ਤੋਂ ਪਹਿਲਾਂ ਸ਼ੁਰੂ ਕਰਵਾਇਆ ਗਿਆ ਹੈ। ਇੰਨ੍ਹਾ ਹੀ ਨਹੀਂ ਕਿਸਾਨਾਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਪਿਛਲੇ ਦਿਨ ਹਿਸਾਰ ਖੇਤੀਬਾੜੀ ਮੇਲੇ ਵਿੱਚ ਕਿਸਾਨਾਂ ਨੇ ਕਣਕ ਦੇ ਬੀਜ 'ਤੇ ਸਬਸਿਡੀ ਦੇਣ ਦੀ ਮੰਗ ਰੱਖੀ ਸੀ। ਇਸ ਮੰਗ ਨੂੰ ਚੰਡੀਗੜ੍ਹ ਜਾਂਦੇ ਹੀ ਪੂਰਾ ਕੀਤਾ ਗਿਆ ਅਤੇ ਬੀਜ 'ਤੇ ਸਬਸਿਡੀ ਦੇਣ ਦੀ ਨੋਟੀਫਿਕੇਸ਼ਨ ਨੂੰ ਜਾਰੀ ਕਰਵਾਇਆ ਗਿਆ।

ਮੁੱਖ ਮੰਤਰੀ ਦੇ ਸਾਹਮਣੇ ਖੁਰਾਕ ਸਪਲਾਈ ਵਿਭਾਗ ਵੱਲੋਂ ਕਿਸਾਨ ਅਮਿਤ ਕੁਮਾਰ ਤੇ ਚਰਣ ਸਿੰਘ ਦੀ ਲਗਭਗ 100 ਕੁਇੰਟਲ ਪੀਆਰ ਝੋਨਾ ਦੀ ਖਰੀਦ ਕੀਤੀ ਗਈ। ਪਿਛਲੇ ਸਾਲ ਪੀਆਰ ਝੋਨੇ ਦੀ ਕੁੱਲ ਆਮਦ 12,00,000 ਕੁਇੰਟਲ ਹੋਈ ਸੀ। ਹਾਲਾਂਕਿ ਇਸ ਸੀਜਨ ਵਿੱਚ ਨਾਜ ਮੰਡੀ ਵਿੱਚ ਪੀਆਰ ਝੋਨੇ ਦੀ ਕੁੱਲ 5000 ਕੁਇੰਟਲ ਦੀ ਆਮਦ ਹੋ ਚੁੱਕੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਹਮੇਸ਼ਾ ਕਿਸਾਨਾਂ ਦੇ ਨਾਲ ਖੜੀ ਹੈ। ਕਿਸੇ ਵੀ ਕਿਸਾਨ ਦੇ ਨਾਲ ਅਨਿਆ ਨਹੀਂ ਹੋਣ ਦਿੱਤਾ ਜਾਵਗੇ। ਉਨ੍ਹਾਂ ਨੇ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਪਰਾਲੀ ਜਲਾਉਣ ਤੋਂ ਰੋਕਣ ਲਈ 1200 ਰੁਪਏ ਦੀ ਮਦਦ ਦੇ ਰਹੀ ਹੈ।

ਇਸ ਮੌਕੇ 'ਤੇ ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਡਿਪਟੀ ਕਮਿਸ਼ਨਰ ਵਿਸ਼ਰਾਮ ਕੁਮਾਰ ਮੀਣਾ, ਐਮਸੀ ਚੇਅਰਮੇਨ ਸਾਕਸ਼ੀ ਖੁਰਾਣਾ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

ਪਰਾਲੀ ਸਾੜਨ ਦਾ ਅਸਰ ਅਗਲੇ ਦਿਨਾਂ 'ਚ ਹੋਵੇਗਾ: ਮਾਹਿਰ

ਨਵੀਂ ਦਿੱਲੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਉੱਤਰੀ ਭਾਰਤ ਵਿੱਚ ਪਰਾਲੀ ਨੂੰ ਸਾੜਨਾ ਸ਼ੁਰੂ ਕਰ ਦਿੱਤਾ ਗਿਆ ਹੈ। 15 ਤੋਂ 22 ਸਤੰਬਰ ਦੇ ਵਿਚਕਾਰ ਦਿੱਲੀ ਦੇ ਗੁਆਂਢੀ ਸੂਬਿਆਂ ਵਿੱਚ 64 ਖੇਤਾਂ 'ਚ ਅੱਗ ਲੱਗਣ ਦੀਆਂ ਰਿਪੋਰਟਾਂ ਹਨ। ਸ਼ੁਰੂਆਤੀ ਘਟਨਾਵਾਂ ਗਿਣਤੀ ਵਿੱਚ ਘੱਟ ਹਨ।

ਇਨ੍ਹਾਂ ਨੇ ਅਜੇ ਤੱਕ ਰਾਜਧਾਨੀ ਦੀ ਹਵਾ ਦੀ ਗੁਣਵੱਤਾ ਨੂੰ ਪ੍ਰਭਾਵਿਤ ਨਹੀਂ ਕੀਤਾ ਹੈ। ਮਾਹਿਰ ਚਿਤਾਵਨੀ ਦਿੰਦੇ ਹਨ ਕਿ ਅਸਲ ਵਾਧਾ ਆਮ ਤੌਰ 'ਤੇ ਮੌਨਸੂਨ ਦੇ ਖੇਤਰ ਤੋਂ ਹਟਣ ਤੋਂ ਬਾਅਦ ਦੇਖਿਆ ਜਾਂਦਾ ਹੈ, ਉਹ ਆਮ ਤੌਰ 'ਤੇ ਅਕਤੂਬਰ ਦੇ ਅਖੀਰ ਦੇ ਆਸ-ਪਾਸ ਹੁੰਦਾ ਹੈ। ਸਿਸਟਮ ਆਫ ਏਅਰ ਕੁਆਲਿਟੀ ਐਂਡ ਵੈਦਰ ਫੋਰਕਾਸਟਿੰਗ ਐਂਡ ਰਿਸਰਚ (ਸਫਰ) ਦੇ ਸੰਸਥਾਪਕ ਅਤੇ ਨੈਸ਼ਨਲ ਇੰਸਟੀਚਿਊਟ ਆਫ ਐਡਵਾਂਸਡ ਸਟੱਡੀਜ਼ ਦੇ ਚੇਅਰ ਪ੍ਰੋਫੈਸਰ ਗੁਫਰਾਨ ਬੇਗ ਮੁਤਾਬਕ ਹਵਾ ਦੀ ਗਤੀ ਅਤੇ ਹਵਾ ਦੀ ਦਿਸ਼ਾ ਧੂੰਏਂ ਨੂੰ ਦਿੱਲੀ ਵਿੱਚ ਲਿਆਉਣ ਵਿੱਚ ਭੂਮਿਕਾ ਨਿਭਾਉਂਦੀ ਹੈ। ਭਾਰਤੀ ਖੇਤੀਬਾੜੀ ਖੋਜ ਸੰਸਥਾ ਨੇ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਵੱਲੋਂ ਨਿਰਧਾਰਤ 2021 ਸਟੈਂਡਰਡ ਪ੍ਰੋਟੋਕੋਲ ਤਹਿਤ ਇਕੱਤਰ ਸੈਟੇਲਾਈਟ ਡੇਟਾ ਅਨੁਸਾਰ ਪੰਜਾਬ ਵਿੱਚ ਹੁਣ ਤੱਕ 56 ਅੱਗ ਲੱਗਣ ਦੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ, ਹਰਿਆਣਾ ਵਿੱਚ ਤਿੰਨ, ਉੱਤਰ ਪ੍ਰਦੇਸ਼ ਵਿੱਚ ਚਾਰ ਅਤੇ ਰਾਜਸਥਾਨ ਵਿੱਚ ਇੱਕ ਮਾਮਲਾ ਸਾਹਮਣੇ ਆਇਆ ਹੈ।

ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਵਿੱਚ ਖੋਜ ਅਤੇ ਵਕਾਲਤ ਦੀ ਕਾਰਜਕਾਰੀ ਨਿਰਦੇਸ਼ਕ ਅਨੁਮਿਤਾ ਰਾਏ ਚੌਧਰੀ ਅਨੁਸਾਰ ਪਰਾਲੀ ਸਾੜਨ ਤੋਂ ਰੋਕਣ ਲਈ ਮੁੱਖ ਰਣਨੀਤੀਆਂ ਲਾਗੂ ਕਰਨ ਦੀ ਲੋੜ ਹੈ। ਕਿਸਾਨਾਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਹਟਾਉਣ ਲਈ ਮਸ਼ੀਨਾਂ ਸਮੇਂ ਸਿਰ ਪਹੁੰਚਦੀਆਂ ਕਰਨ ਅਤੇ ਉਦਯੋਗ ਨੂੰ ਖੇਤਾਂ 'ਚੋਂ ਪਰਾਲੀ ਇਕੱਠੀ ਕਰਨਾ ਯਕੀਨੀ ਬਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੇ ਉਲਟ ਇਸ ਸਰਦੀਆਂ ਦੇ ਮੌਸਮ ਵਿੱਚ ਇੱਕ ਫ਼ਾਇਦਾ ਹੋਵੇਗਾ ਕਿਉਂਕਿ ਮੌਨਸੂਨ ਸਮੇਂ ਸਿਰ ਵਾਪਸ ਜਾਣਾ ਸ਼ੁਰੂ ਹੋ ਗਿਆ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਦਿੱਤੀ ਵੱਡੀ ਸੌਗਾਤ, ਕਰੀਬ 117 ਕਰੋੜ ਦੀ 557 ਪਰਿਯੋਜਨਾਵਾਂ ਦਾ ਕੀਤਾ ਉਦਘਾਟਨ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੋਮਵਾਰ ਨੂੰ ਨਰਾਤਿਆਂ ਦੇ ਪਹਿਲੇ ਦਿਨ ਸੂਬਾਵਾਸੀਆਂ ਨੂੰ ਵੱਡੀ ਸੌਗਾਤ ਦਿੰਦੇ ਹੋਏ 117 ਕਰੋੜ ਰੁਪਏ ਦੀ 557 ਪਰਿਯੋਜਨਾਵਾਂ ਦਾ ਉਦਘਾਟਨ ਕੀਤਾ। ਸੇਵਾ ਪਖਵਾੜਾ ਮੁਹਿੰਮ ਤਹਿਤ ਸੋਨੀਪਤ ਜਿਲ੍ਹਾ ਦੇ ਦੀਨ ਬੰਧੂ ਛੋਟੂਰਾਮ ਵਿਗਿਆਨ ਅਤੇ ਤਕਨਾਲੋਜੀ ਯੂਨੀਵਰਸਿਟੀ (ਡੀਸੀਆਰਯੂਐਸਟੀ) ਮੁਰਥਲ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਨੇ ਇੱਥੋਂ 72 ਮਹਿਲਾ ਸਭਿਆਚਾਰਕ ਕੇਂਦਰ, 90 ਇਨਡੋਰ ਜਿਮ, 69 ਯੋਗ ਅਤੇ ਵਿਯਾਮਸ਼ਾਲਾਵਾਂ, ਮੁੱਖ ਮੰਤਰੀ ਕਿਸਾਨ ਖੇਤ ਸੜਕ ਯੋਜਨਾ ਤਹਿਤ 101 ਸੜਕਾਂ ਅਤੇ 225 ਪਿੰਡਾਂ ਵਿੱਚ ਫਿਰਨੀ 'ਤੇ ਸਟ ?ਰੀਟ ਲਾਇਟਸ ਦਾ ਉਦਘਾਟਨ ਕੀਤਾ। ਇਸ ਦੇ ਨਾਲ-ਨਾਲ ਉਨ੍ਹਾਂ ਨੇ ਸਿਹਤ ਨਾਰੀ-ਸ਼ਸ਼ਕਤ ਪਰਿਵਾਰ ਮੁਹਿੰਮ ਅਤੇ 8ਵੇਂ ਪੋਸ਼ਣ ਮਹੀਨੇ ਤਹਿਤ ਮਹਿਲਾ ਸਿਹਤ ਕੈਂਪ ਦਾ ਉਦਘਾਟਨ ਅਤੇ ਨਿਰੀਖਣ ਕੀਤਾ। ਉਨ੍ਹਾਂ ਨੇ ਸੂਬਾਵਾਸੀਆਂ ਨੂੰ ਨਰਾਤੇ ਤੇ ਮਹਾਰਾਜਾ ਅਗਰਸੇਨ ਜੈਯੰਤੀ ਦੀ ਵਧਾਈ ਵੀ ਦਿੱਤੀ।

ਇਸ ਮੌਕੇ 'ਤੇ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਸਿਰਫ ਪਰਿਯੋਜਨਾਵਾਂ ਦਾ ਉਦਘਾਟਨ ਨਹੀਂ ਹੈ ਸਗੋਂ ਸਾਡੇ ਸੰਕਲਪਾਂ ਦੀ ਸਿੱਧੀ ਦਾ ਅਤੇ ਹਰਿਆਣਾ ਨੂੰ ਵਿਕਾਸ ਦੇ ਸਿਖਰ 'ਤੇ ਲੈਣ ਜਾਣ ਦੀ ਸਾਡੀ ਪ੍ਰਤੀਬੱਧਤਾ ਦਾ ਪ੍ਰਤੀਕ ਹੈ। ਹਰਿਆਣਾ ਸਰਕਾਰ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਸਮਾਨ ਰੂਪ ਨਾਲ ਵਿਕਾਸ ਦਾ ਚਾਨਣ ਫੈਲਾਉਣ ਲਈ ਕ੍ਰਿਤ ਸੰਕਲਪਿਤ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਦਾ ਮੰਨਣਾ ਹੈ ਕਿ ਜਦੋਂ ਮਹਿਲ ਸ਼ਸ਼ਕਤ ਹੋਵੇਗੀ, ਤਾਂਹੀ ਪਰਿਵਾਰ, ਸਮਾਜ ਅਤੇ ਰਾਸ਼ਟਰ ਮਜਬੂਤ ਹੋਵੇਗਾ। ਇਹ ਸਭਿਆਚਾਰਕ ਕੇਂਦਰ, ਜਿਨ੍ਹਾਂ ਦਾ ਅੱਜ ਉਦਘਾਟਨ ਕੀਤਾ ਗਿਆ ਹੈ ਇਹ ਮਹਿਲਾਵਾਂ ਲਈ ਆਪਣੀ ਪ੍ਰਤਿਪਾ ਦਿਖਾਉਣ ਦਾ ਮੰਚ ਹੋਣਗੇ। ਇੰਨ੍ਹਾਂ ਕੇਂਦਰਾਂ ਵਿੱਚ ਮਾਤਾਵਾਂ -ਭੈਣਾਂ ਸਭਿਆਚਾਰਕ ਪ੍ਰੋਗਰਾਮ ਕਰ ਸਕਣਗੀਆਂ। ਪੂਰੇ ਸੂਬੇ ਵਿੱਚ ਇਹ ਸਭਿਆਚਾਰਕ ਕੇਂਦਰ ਖੋਲੇ ਜਾ ਰਹੇ ਹਨ। ਬੀਤੇ ਦਿਨਾਂ ਤੀਜ ਮਹੋਤਸਵ ਦੌਰਾਨ ਸੂਬੇ ਵਿੱਚ 131 ਮਹਿਲਾ ਸਭਿਆਚਾਰਕ ਕੇਂਦਰਾਂ ਦਾ ਉਦਘਾਟਨ ਕੀਤਾ ਗਿਆ ਸੀ, ਅੱਜ ਦੇ ਕੇਂਦਰਾਂ ਨੂੰ ਮਿਲਾ ਕੇ ਸੂਬੇ ਵਿੱਚ ਕੁੱਲ 203 ਮਹਿਲਾ ਸਭਿਆਚਾਰਕ ਕੇਂਦਰ ਖੋਲੇ ਜਾ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਨੇ 11 ਸਾਲਾਂ ਦੇ ਕਾਰਜਕਾਲ ਵਿੱਚ ਮਹਿਲਾਵਾਂ ਨੂੰ ਸ਼ਸ਼ਕਤ ਕਰਨ ਦਾ ਕੰਮ ਕੀਤਾ ਹੈ।

ਰੋਹਿਣੀ ਵਿੱਚ ਪਾਣੀ ਦੀ ਪਾਈਪਲਾਈਨ ਵਿਛਾਉਣ ਦੀ ਸ਼ੁਰੂਆਤ

ਨਵੀਂ ਦਿੱਲੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਵਿਧਾਨ ਸਭਾ ਦੇ ਸਪੀਕਰ ਅਤੇ ਸਥਾਨਕ ਵਿਧਾਇਕ ਵਿਜੇਂਦਰ ਗੁਪਤਾ ਨੇ ਅੱਜ ਰੋਹਿਣੀ ਵਿਧਾਨ ਸਭਾ ਹਲਕੇ ਦੀਆਂ ਵੱਖ-ਵੱਖ ਰਿਹਾਇਸ਼ੀ ਕਲੋਨੀਆਂ ਵਿੱਚ ਪਾਣੀ ਦੀਆਂ ਪੁਰਾਣੀਆਂ ਪਾਈਪਲਾਈਨਾਂ ਬਦਲਣ ਦੇ ਕੰਮ ਦਾ ਉਦਘਾਟਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਨਾਗਰਿਕਾਂ ਨੂੰ ਜ਼ਰੂਰੀ ਬੁਨਿਆਦੀ ਸਹੂਲਤਾਂ ਦੇਣੀਆਂ ਅਤੇ ਉਨ੍ਹਾਂ ਦੀਆਂ ਰੋਜ਼ਾਨਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਹਮੇਸ਼ਾ ਉਨ੍ਹਾਂ ਦੀ ਪਹਿਲੀ ਤਰਜੀਹ ਰਹੀ ਹੈ।

ਇਹ ਪ੍ਰਾਜੈਕਟ ਰੋਹਿਣੀ ਸੈਕਟਰ-18, ਪਾਕੇਟ ਬੀ-7, ਸੈਕਟਰ 15, ਪਾਕੇਟਸ ਜੀ-16, 17, 18, ਅਤੇ ਐਫ-14, 15 ਨੂੰ ਕਵਰ ਕਰੇਗਾ। ਇਹ ਪ੍ਰਾਜੈਕਟ ਸੈਕਟਰ-7, ਪਾਕੇਟ ਐਫ-26 ਅਤੇ ਪ੍ਰਸ਼ਾਂਤ ਵਿਹਾਰ ਵਿੱਚ ਸ਼ੁਰੂ ਕੀਤਾ ਗਿਆ ਹੈ। ਇਹ ਮਹੱਤਵਪੂਰਨ ਪਹਿਲ ਹਜ਼ਾਰਾਂ ਪਰਿਵਾਰਾਂ ਨੂੰ ਸਾਫ਼ ਅਤੇ ਸੁਰੱਖਿਅਤ ਪਾਣੀ ਦੀ ਨਿਯਮਤ ਸਪਲਾਈ ਯਕੀਨੀ ਬਣਾਏਗੀ। ਨਵੀਆਂ ਪਾਈਪਲਾਈਨਾਂ ਪਾਉਣ ਨਾਲ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ ਅਤੇ ਲੋਕਾਂ ਨੂੰ ਨਿਰਵਿਘਨ ਅਤੇ ਸਾਫ਼ ਪਾਣੀ ਮਿਲੇਗਾ।

ਇਕੱਠ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਪਤਾ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਪਾਣੀ ਦੀ ਕਮੀ ਅਤੇ ਅਸੁਰੱਖਿਅਤ ਪਾਣੀ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੈ। ਇਨ੍ਹਾਂ ਨਵੀਆਂ ਪਾਈਪਲਾਈਨਾਂ ਦੀ ਸਥਾਪਨਾ ਤੋਂ ਬਾਅਦ ਹਰ ਪਰਿਵਾਰ ਨੂੰ ਸਾਫ਼ ਅਤੇ ਉੱਚ-ਗੁਣਵੱਤਾ ਵਾਲੇ ਪਾਣੀ ਤੱਕ ਨਿਰੰਤਰ ਪਹੁੰਚ ਹੋਵੇਗੀ। ਇਹ ਨਾ ਸਿਰਫ਼ ਉਨ੍ਹਾਂ ਦੀਆਂ ਰੋਜ਼ਾਨਾ ਜ਼ਰੂਰਤਾਂ ਨੂੰ ਪੂਰਾ ਕਰੇਗਾ ਬਲਕਿ ਨਾਗਰਿਕਾਂ ਨੂੰ ਮਾਣ ਅਤੇ ਆਰਾਮ ਨਾਲ ਰਹਿਣ ਦੇ ਯੋਗ ਵੀ ਬਣਾਏਗਾ। ਵਿਧਾਨ ਸਭਾ ਦੇ ਸਪੀਕਰ ਨੇ ਜ਼ੋਰ ਦਿੱਤਾ ਕਿ ਪਾਣੀ ਦੀ ਸਪਲਾਈ ਵਰਗੀਆਂ ਬੁਨਿਆਦੀ ਸਹੂਲਤਾਂ ਕਾਫ਼ੀ ਅਹਿਮ ਹਨ ਅਤੇ ਰੋਹਿਣੀ ਖੇਤਰ ਵਿੱਚ ਵਿਕਾਸ ਲਈ ਤਰਜੀਹ ਜ਼ਰੂਰੀ ਬੁਨਿਆਦੀ ਢਾਂਚੇ 'ਤੇ ਕੇਂਦਰਿਤ ਹੋਵੇਗੀ।

ਸੜਕ ਹਾਦਸੇ ਵਿੱਚ ਹਲਾਕ

ਨਵੀਂ ਦਿੱਲੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਮਲਕਪੁਰ ਖਿਆਲਾ 'ਚ ਇੱਕ ਮੋਟਰਸਾਈਕਲ ਦੀ ਟੱਕਰ ਕਾਰਨ ਮੌਤ ਦੇ ਮਾਮਲੇ ਵਿੱਚ ਥਾਣਾ ਸਦਰ ਮਾਨਸਾ ਦੀ ਪੁਲੀਸ ਨੇ ਅਣਪਛਾਤੇ ਵਿਅਕਤੀ ਖ਼ ?ਲਾਫ਼ ਕੇਸ ਦਰਜ ਕਰ ਲਿਆ ਹੈ।

ਜਾਂਚ ਅਧਿਕਾਰੀ ਏਐੱਸਆਈ ਸੋਨੂੰ ਨੇ ਦੱਸਿਆ ਕਿ ਮੁਦੱਈ ਬਲਜੀਤ ਸਿੰਘ ਵਾਸੀ ਮਲਕਪੁਰ ਖਿਆਲਾ ਦੁਆਰਾ ਦਰਜ ਕਰਵਾਈ ਸ਼ਿਕਾਇਤ ਅਨੁਸਾਰ 6 ਫਰਵਰੀ ਨੂੰ ਜਦੋਂ ਉਹ ਆਪਣੇ ਚਾਚੇ ਦੇ ਲੜਕੇ ਗੁਰਮੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਮਲਕਪੁਰ ਖਿਆਲਾ ਦੇ ਨਾਲ ਸੈਰ ਕਰਦੇ ਮਾਲਵਾ ਕਾਲਜ ਕੋਲ ਪੁੱਜੇ ਤਾਂ ਇੱਕ ਅਣਪਛਾਤੇ ਵਿਅਕਤੀ ਨੇ ਮੋਟਰਸਾਈਕਲ ਨੰਬਰ ਪੀ.ਬੀ 30 ਐਨ-9321 ਮਗਰੋਂ ਲਿਆ ਕੇ ਗੁਰਮੀਤ ਸਿੰਘ ਵਿੱਚ ਮਾਰਿਆ।

ਇਸ ਦੌਰਾਨ ਜ਼ਖ਼ਮੀ ਹਾਲਤ ਵਿੱਚ ਉਸ ਨੂੰ ਹਸਪਤਾਲ ਲਿਜਾਣ ਮੌਕੇ ਰਾਹ 'ਚ ਮੌਤ ਹੋ ਗਈ। ਪੁਲੀਸ ਨੇ ਕੇਸ ਦਰਜ ਕਰ ਲਿਆ ਹੈ।

ਐੱਸ ਡੀ ਐੱਮ ਵੱਲੋਂ ਸਫ਼ਾਈ ਕੰਮਾਂ ਦਾ ਜਾਇਜ਼ਾ

ਰਤੀਆ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸ਼ਹਿਰ ਸਫ਼ਾਈ ਮੁਹਿੰਮ 2025 ਦੇ ਤਹਿਤ ਐੱਸ ਡੀ ਐੱਮ ਸੁਰੇਂਦਰ ਸਿੰਘ ਨੇ ਸ਼ਹਿਰ ਦੇ ਵੱਖ-ਵੱਖ ਸਥਾਨਾਂ ਦਾ ਨਿਰੀਖਣ ਕੀਤਾ, ਜਿਸ ਵਿੱਚ ਮਾਡਲ ਟਾਊਨ, ਵਾਰਡ ਨੰਬਰ 10 ਕ੍ਰਿਸ਼ਨ ਗਊਸ਼ਾਲਾ ਮੰਡੀ ਰੋਡ ਸ਼ਾਮਲ ਹੈ।

ਉਨ੍ਹਾਂ ਸਾਰੇ ਵਿਭਾਗਾਂ ਨੂੰ ਸਵੱਛ ਭਾਰਤ ਅਭਿਆਨ ਤਹਿਤ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਅਪੀਲ ਕੀਤੀ। ਸਾਰੇ ਵਿਭਾਗਾਂ ਨੂੰ ਆਪਣੇ ਦਫਤਰਾਂ ਦੀ ਨਿਯਮਤ ਸਫ਼ਾਈ ਯਕੀਨੀ ਬਣਾਉਣੀ ਲਈ ਹਦਾਇਤਾਂ ਜਾਰੀ ਕੀਤੀਆਂ। ਐੱਸ ਡੀ ਐੱਮ ਸੁਰੇਂਦਰ ਸਿੰਘ ਨੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਸਿਰਫ਼ ਸਫ਼ਾਈ ਤੱਕ ਸੀਮਤ ਨਹੀਂ ਹੈ, ਸਗੋਂ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਉਣ ਲਈ ਇਸ ਨੂੰ ਇੱਕ ਜਨ ਅੰਦੋਲਨ ਬਣਾਉਣਾ ਹੈ। ਐੱਸ ਡੀ ਐੱਮ ਨੇ ਕਿਹਾ ਕਿ ਨਗਰ ਨਿਗਮ ਦੀਆਂ ਟੀਮਾਂ ਨਿਯਮਿਤ ਤੌਰ 'ਤੇ ਰਿਹਾਇਸ਼ੀ ਖੇਤਰਾਂ, ਬਾਜ਼ਾਰਾਂ, ਜਨਤਕ ਥਾਵਾਂ ਅਤੇ ਪਾਰਕਾਂ ਦੀ ਸਫ਼ਾਈ, ਘਰ-ਘਰ ਕੂੜਾ ਇਕੱਠਾ ਕਰਨਾ, ਗਿੱਲਾ ਅਤੇ ਸੁੱਕਾ ਕੂੜਾ ਵੱਖਰਾ ਇਕੱਠਾ ਕਰਨਾ, ਨਾਲੀਆਂ ਦੀ ਸਫ਼ਾਈ, ਪੋਲੀਥੀਨ ਦੀ ਵਰਤੋਂ 'ਤੇ ਪਾਬੰਦੀ, ਕੂੜੇ ਦੇ ਖੁੱਲ੍ਹੇ ਡੰਪਿੰਗ ਨੂੰ ਰੋਕਣਾ, ਅਤੇ ਲੋਕਾਂ ਨੂੰ ਸਫ਼ਾਈ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਪ੍ਰਚਾਰ ਮੁਹਿੰਮਾਂ ਵੀ ਚਲਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਨੂੰ ਸਾਫ਼ ਰੱਖਣ ਲਈ ਆਮ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਮੌਕੇ ਉਨ੍ਹਾਂ ਆਮ ਲੋਕਾਂ ਨੂੰ ਆਪੋ-ਆਪਣੇ ਇਲਾਕੇ ਵਿੱਚ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਸਾਫ਼ ਸਫ਼ਾਈ ਰੱਖਣ ਦੀ ਅਪੀਲ ਕੀਤੀ। ਸ

ਸੰਪਾਦਕੀ

ਭਾਰਤ ਤੇ ਕੈਨੇਡਾ ਦੇ ਦੁਵੱਲੇ ਰਿਸ਼ਤਿਆਂ 'ਚ ਨਵੀਂ ਸ਼ੁਰੂਆਤ

ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਉਨ੍ਹਾਂ ਦੀ ਕੈਨੇਡੀਅਨ ਹਮਰੁਤਬਾ ਨੈਟਲੀ ਡ੍ਰੋਇਨ ਵਿਚਕਾਰ ਪਿਛਲੇ ਹਫ਼ਤੇ ਹੋਈ ਗੱਲਬਾਤ ਦਾ ਸਿੱਟਾ ਭਾਰਤ ਤੇ ਕੈਨੇਡਾ ਦੇ ਦੁਵੱਲੇ ਰਿਸ਼ਤਿਆਂ 'ਚ ਨਵੀਂ ਸ਼ੁਰੂਆਤ ਲਈ ਸਹਿਯੋਗੀ ਪਹੁੰਚ ਅਪਣਾਉਣ ਦੇ ਰੂਪ 'ਚ ਨਿਕਲਿਆ ਹੈ। ਗੱਲਬਾਤ ਦਾ ਅਹਿਮ ਤੱਤ ਅਤਿਵਾਦ ਅਤੇ ਸਰਹੱਦ ਪਾਰ ਦੇ ਅਪਰਾਧਾਂ ਦਾ ਮੁਕਾਬਲਾ ਕਰਨ ਲਈ ਇਕਜੁੱਟ ਹੋ ਕੇ ਕੰਮ ਕਰਨਾ ਸੀ। ਕੈਨੇਡਾ ਵਿੱਚ ਖ਼ਾਲਿਸਤਾਨੀ ਅਤਿਵਾਦੀ ਇੰਦਰਜੀਤ ਸਿੰਘ ਗੋਸਲ ਦੀ ਗ੍ਰਿਫ਼ਤਾਰੀ ਤਣਾਅਪੂਰਨ ਸਬੰਧਾਂ ਨੂੰ ਸੁਧਾਰਨ ਅਤੇ ਭਾਰਤ ਦੀਆਂ ਚਿੰਤਾਵਾਂ ਦੂਰ ਕਰਨ ਦੇ ਯਤਨਾਂ ਮੁਤਾਬਿਕ ਜਾਪਦੀ ਹੈ। ਇੰਦਰਜੀਤ ਸਿੰਘ ਗੋਸਲ ਅਮਰੀਕਾ ਰਹਿੰਦੇ ਖ਼ਾਲਿਸਤਾਨ ਪੱਖੀ ਅਤਿਵਾਦੀ ਗੁਰਪਤਵੰਤ ਸਿੰਘ ਪੰਨੂ ਦਾ ਸਹਿਯੋਗੀ ਹੈ। ਇਹ ਦੂਜੀ ਵਾਰ ਹੈ ਜਦੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪਿਛਲੇ ਸਾਲ, ਉਸ ਨੂੰ ਮੰਦਰ 'ਚ ਵਾਪਰੀ ਹਿੰਸਕ ਘਟਨਾ ਦੇ ਸਬੰਧ ਵਿੱਚ ਹਿਰਾਸਤ 'ਚ ਲਿਆ ਗਿਆ ਸੀ, ਪਰ ਬਾਅਦ ਵਿੱਚ ਸ਼ਰਤਾਂ 'ਤੇ ਰਿਹਾਅ ਕਰ ਦਿੱਤਾ ਗਿਆ ਸੀ।

ਦੋਵਾਂ ਦੇਸ਼ਾਂ ਦੇ ਕੌਮੀ ਸੁਰੱਖਿਆ ਸਲਾਹਕਾਰਾਂ ਦਰਮਿਆਨ ਇਹ ਵਾਰਤਾ ਭਾਰਤ ਤੇ ਕੈਨੇਡਾ ਵੱਲੋਂ ਰਾਜਦੂਤਾਂ ਦੀ ਨਿਯੁਕਤੀ ਕਰਨ ਤੋਂ ਤਿੰਨ ਹਫ਼ਤਿਆਂ ਬਾਅਦ ਹੋਈ ਹੈ। ਇਸ ਨਾਲ ਅਤੀਤ 'ਚ ਸੁਖਾਵੇਂ ਰਹੇ ਸਬੰਧਾਂ ਵਿੱਚ ਹਾਲ ਹੀ 'ਚ ਆਈ ਗਿਰਾਵਟ ਦਾ ਅੰਤ ਹੋਇਆ ਹੈ। 2023 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਭਾਰਤ ਨੂੰ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਇਲਜ਼ਾਮਾਂ ਨਾਲ ਜੋੜਨ ਕਰ ਕੇ ਇਹ ਸਬੰਧ ਕਾਫੀ ਨਿੱਘਰ ਗਏ ਸਨ। ਨਿੱਝਰ ਨੂੰ ਭਾਰਤ ਦੀ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ ਅਤਿਵਾਦੀ ਐਲਾਨਿਆ ਹੋਇਆ ਸੀ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ 'ਬੇਤੁਕਾ ਅਤੇ ਪ੍ਰੇਰਿਤ' ਦੱਸਦੇ ਹੋਏ ਖ਼ਾਲਿਸਤਾਨੀ ਵੱਖਵਾਦੀਆਂ ਨੂੰ ਪਨਾਹ ਦੇਣ ਲਈ ਕੈਨੇਡਾ ਦੀ ਸਖ਼ਤ ਆਲੋਚਨਾ ਕੀਤੀ ਸੀ। ਨਿੱਝਰ ਮੁੱਦੇ 'ਤੇ ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਖ਼ਿਲਾਫ਼ ਕੂਟਨੀਤਕ ਕਾਰਵਾਈ ਵੀ ਕੀਤੀ ਸੀ ਤੇ ਡਿਪਲੋਮੈਟਾਂ ਨੂੰ ਵਾਪਸ ਭੇਜ ਦਿੱਤਾ ਸੀ। ਇਸ ਮਾਮਲੇ ਨੇ ਕੌਮਾਂਤਰੀ ਪੱਧਰ 'ਤੇ ਸੁਰਖ਼ੀਆਂ ਬਟੋਰੀਆਂ ਸਨ ਤੇ ਭਾਰਤ-ਕੈਨੇਡਾ ਦੇ ਰਿਸ਼ਤਿਆਂ ਦਾ ਕਾਫ਼ੀ ਨੁਕਸਾਨ ਹੋਇਆ ਸੀ, ਜੋ ਅਕਸਰ ਸੁਖਾਵੇਂ ਰਹੇ ਹਨ। ਟਰੂਡੋ ਦੇ ਅਹੁਦਾ ਛੱਡਣ ਨਾਲ ਕੈਨੇਡੀਅਨ ਸਰਕਾਰ 'ਚ ਖ਼ਾਲਿਸਤਾਨ ਪੱਖੀ ਝੁਕਾਅ ਵਾਲਾ ਮੁੱਖ ਚਿਹਰਾ ਲੋਪ ਹੋ ਗਿਆ ਹੈ। ਅਪਰੈਲ ਦੀਆਂ ਚੋਣਾਂ ਵਿੱਚ ਟਰੂਡੋ ਦੇ ਜਾਨਸ਼ੀਨ ਮਾਰਕ ਕਾਰਨੀ ਦੀ ਜਿੱਤ ਨਾਲ ਸਬੰਧਾਂ ਨੂੰ ਸੁਧਾਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਵਿੱਚ ਮਦਦ ਮਿਲੀ। ਜਿਸ ਤਰ੍ਹਾਂ ਦੋਵੇਂ ਦੇਸ਼ ਸਰਗਰਮੀ ਨਾਲ ਮਤਭੇਦਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਓਟਾਵਾ ਦੀ ਅਜ਼ਮਾਇਸ਼ ਇਸ ਗੱਲੋਂ ਹੋਵੇਗੀ ਕਿ ਪ੍ਰਗਟਾਵੇ ਦੀ ਆਜ਼ਾਦੀ ਬਹਾਨੇ ਅਤਿਵਾਦ ਫੈਲਾਉਣ ਅਤੇ ਭਾਰਤ ਦੇ ਸੁਰੱਖਿਆ ਹਿੱਤਾਂ ਖ਼ਿਲਾਫ਼ ਕੰਮ ਕਰਨ ਵਾਲਿਆਂ ਵਿਰੁੱਧ ਕਾਰਵਾਈ ਲਈ ਇਹ ਕਿੰਨਾ ਕੁ ਦ੍ਰਿੜ੍ਹ ਹੈ।

ਆਰਥਿਕਤਾ ਅਤੇ ਕੈਨੇਡਾ ਵਿੱਚ ਵੱਡੀ ਗਿਣਤੀ ਪਰਵਾਸੀ ਭਾਰਤੀਆਂ ਕਰ ਕੇ ਡੂੰਘੇ ਸੱਭਿਆਚਾਰਕ ਰਿਸ਼ਤਿਆਂ ਤੋਂ ਇਲਾਵਾ, ਦੋਵੇਂ ਦੇਸ਼ ਬਹੁ-ਸੱਭਿਆਚਾਰਵਾਦ ਅਤੇ ਲੋਕਤੰਤਰ ਵਰਗੀਆਂ ਬੁਨਿਆਦੀ ਕਦਰਾਂ-ਕੀਮਤਾਂ ਵੀ ਸਾਂਝੀਆਂ ਕਰਦੇ ਹਨ। ਦੋਵਾਂ ਮੁਲਕਾਂ ਨੂੰ ਸਾਂਝੀ ਜ਼ਮੀਨ ਤਲਾਸ਼ਣ ਅਤੇ ਸਹਿਯੋਗ ਦੇ ਨਵੇਂ ਮੌਕੇ ਪੈਦਾ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਡੋਨਲਡ ਟਰੰਪ ਪ੍ਰਸ਼ਾਸਨ ਦਾ ਨਵਾਂ ਆਦੇਸ਼ ਐੱਚ-1ਬੀ ਵੀਜ਼ਾ

ਡੋਨਲਡ ਟਰੰਪ ਪ੍ਰਸ਼ਾਸਨ ਨੇ ਨਵੀਆਂ ਐੱਚ-1ਬੀ ਵੀਜ਼ਾ ਅਰਜ਼ੀਆਂ ਲਈ ਇੱਕ ਲੱਖ ਡਾਲਰ ਦੀ ਭਾਰੀ ਫੀਸ ਲਾਉਣ ਦਾ ਫ਼ੈਸਲਾ ਸਾਫ਼ ਤੌਰ 'ਤੇ ਵਿਦੇਸ਼ੀ ਮਾਹਿਰਾਂ, ਖ਼ਾਸ ਕਰ ਕੇ ਭਾਰਤ ਤੋਂ ਆਉਣ ਵਾਲੇ ਲੋਕਾਂ ਦੀ ਆਮਦ ਨੂੰ ਰੋਕਣ ਲਈ ਕੀਤਾ ਹੈ। 'ਕੁਝ ਗ਼ੈਰ-ਪਰਵਾਸੀ ਕਾਮਿਆਂ ਦੇ ਦਾਖਲੇ 'ਤੇ ਪਾਬੰਦੀ' ਨਾਂ ਤਹਿਤ ਰਾਸ਼ਟਰਪਤੀ ਦਾ ਐਲਾਨ ਸਪੱਸ਼ਟ ਤੌਰ 'ਤੇ ਕਾਫ਼ੀ ਮੰਗ ਵਿੱਚ ਰਹਿੰਦੇ ਐੱਚ-1ਬੀ ਵੀਜ਼ੇ ਦੀ ਢਾਂਚਾਗਤ ਦੁਰਵਰਤੋਂ ਨੂੰ ਰੋਕਣ ਦੀ ਕੋਸ਼ਿਸ਼ ਦੱਸਿਆ ਗਿਆ ਹੈ। ਅਮਰੀਕੀ ਰਾਸ਼ਟਰਪਤੀ 'ਮੇਕ ਅਮੈਰਿਕਾ ਗ੍ਰੇਟ ਅਗੇਨ' ਦੇ ਨਾਅਰੇ ਲਈ ਇਹ ਸਭ ਕੁਝ ਕਰ ਰਹੇ ਹਨ, ਪਰ ਅਮਰੀਕੀ ਕਾਮਿਆਂ ਨੂੰ ਪਹਿਲ ਦੇਣ ਦੀ ਉਨ੍ਹਾਂ ਦੀ ਇਹ ਬੇਤਾਬ ਕੋਸ਼ਿਸ਼ ਪੁੱਠੀ ਵੀ ਪੈ ਸਕਦੀ ਹੈ। ਅਮਰੀਕਾ ਵਿੱਚ 'ਸਟੈੱਮ' (ਵਿਗਿਆਨ, ਤਕਨੀਕ, ਇੰਜਨੀਅਰਿੰਗ ਤੇ ਗਣਿਤ) ਖੇਤਰ ਵਿੱਚ ਚੰਗੀ ਸਥਾਨਕ ਪ੍ਰਤਿਭਾ ਦੀ ਘਾਟ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਪਿਛਲੇ ਕਈ ਦਹਾਕਿਆਂ ਤੋਂ ਭਾਰਤ ਦੇ ਤਕਨੀਕੀ ਤੌਰ 'ਤੇ ਯੋਗ ਕਰਮਚਾਰੀਆਂ ਨੇ ਅਮਰੀਕੀ ਆਈ ਟੀ ਉਦਯੋਗ ਵਿੱਚ ਬੇਅੰਤ ਯੋਗਦਾਨ ਪਾਇਆ ਹੈ। ਮਾਹਿਰਾਂ ਦੀ ਆਵਾਜਾਈ ਨੇ ਤਕਨੀਕੀ ਕਾਢਾਂ ਦੇ ਨਾਲ-ਨਾਲ ਆਰਥਿਕ ਵਿਕਾਸ ਨੂੰ ਵੀ ਉਤਸ਼ਾਹਿਤ ਕੀਤਾ ਹੈ। ਹੁਣ ਮਿੱਥ ਦਿੱਤੀ ਗਈ ਇਹ ਵੱਡੀ ਫੀਸ ਕੰਪਨੀਆਂ ਨੂੰ ਦੂਜੇ ਦੇਸ਼ਾਂ ਵਿੱਚ ਜਾ ਕੇ ਕੰਮ ਕਰਨ ਅਤੇ ਭਾਰਤ ਤੋਂ ਹੀ ਹੋਰ ਕੰਮ ਕਰਵਾਉਣ ਲਈ ਉਤਸ਼ਾਹਿਤ ਕਰੇਗੀ। ਅਮਰੀਕਾ ਵਿੱਚ ਘੱਟ ਸਥਾਨਕ ਭਰਤੀ ਹੋਵੇਗੀ ਅਤੇ ਅਮਰੀਕੀ ਗਾਹਕਾਂ ਲਈ ਪ੍ਰਾਜੈਕਟ ਦੀ ਲਾਗਤ ਵਧ ਸਕਦੀ ਹੈ। ਨਵੀਆਂ ਐੱਚ-1ਬੀ ਅਰਜ਼ੀਆਂ ਦੀ ਗਿਣਤੀ ਯਕੀਨਨ, ਬਹੁਤ ਘਟ ਜਾਵੇਗੀ। ਅਸਲ ਵਿੱਚ, ਟਰੰਪ ਦੀ ਇਹ ਯੋਜਨਾ ਵਿਹਾਰਕ ਨਹੀਂ ਜਾਪਦੀ। ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਵੀਜ਼ਾ ਧਾਰਕ 'ਅਸਲ ਵਿੱਚ ਅਤਿ ਹੁਨਰਮੰਦ' ਹੋਣ ਅਤੇ ਅਮਰੀਕੀ ਕਾਮਿਆਂ ਦੀ ਥਾਂ ਨਾ ਲੈਣ; ਹਾਲਾਂਕਿ ਇਸ ਨਵੇਂ ਕਦਮ ਨਾਲ ਨੌਕਰੀਆਂ ਵਿੱਚ ਤੇਜ਼ੀ ਆਉਣ ਦੀ ਸੰਭਾਵਨਾ ਨਹੀਂ ਹੈ। ਉਂਝ, ਕੀ ਐੱਚ-1ਬੀ ਵੀਜ਼ਾ ਨਾਲ ਜੁੜਿਆ ਇਹ ਫ਼ੈਸਲਾ ਭਾਰਤ ਲਈ ਵਰਦਾਨ ਸਾਬਤ ਹੋ ਸਕਦਾ ਹੈ? ਨੀਤੀ ਆਯੋਗ ਦੇ ਸਾਬਕਾ ਸੀ ਈ ਓ ਅਮਿਤਾਭ ਕਾਂਤ ਦਾ ਮੰਨਣਾ ਹੈ ਕਿ ਅਮਰੀਕਾ ਇਸ ਨਾਲ 'ਲੈਬ, ਪੇਟੈਂਟ, ਖੋਜ ਅਤੇ ਸਟਾਰਟਅਪ' ਦੀ ਅਗਲੀ ਲਹਿਰ ਨੂੰ ਬੰਗਲੂਰੂ, ਹੈਦਰਾਬਾਦ, ਪੁਣੇ ਅਤੇ ਗੁਰੂਗ੍ਰਾਮ ਵੱਲ ਧੱਕ ਦੇਵੇਗਾ; ਹਾਲਾਂਕਿ ਇਹ ਉਮੀਦ ਕਰਨਾ ਬਹੁਤ ਜ਼ਿਆਦਾ ਹੈ ਕਿ ਭਾਰਤ ਦੇ ਜ਼ਿਆਦਾਤਰ ਰੌਸ਼ਨ ਦਿਮਾਗ ਪੱਛਮੀ ਦੇਸ਼ਾਂ ਵਿੱਚ ਬਦਲਵੇਂ ਮੌਕੇ ਲੱਭਣ ਦੀ ਬਜਾਏ ਆਪਣੇ ਦੇਸ਼ ਵਿੱਚ ਕੰਮ ਕਰਨਾ ਪਸੰਦ ਕਰਨਗੇ। ਇਹ ਕਾਫ਼ੀ ਹੱਦ ਤੱਕ ਇਸ ਗੱਲ ਉੱਤੇ ਨਿਰਭਰ ਕਰੇਗਾ ਕਿ ਭਾਰਤ ਸਰਕਾਰ ਅਤੇ ਪ੍ਰਾਈਵੇਟ ਖੇਤਰ ਅਤਿ ਹੁਨਰਮੰਦ ਪੇਸ਼ੇਵਰਾਂ ਨੂੰ ਸੰਭਾਲਣ ਅਤੇ ਬਰਕਰਾਰ ਰੱਖਣ ਕਿਹੜੀਆਂ ਕੋਸ਼ਿਸ਼ਾਂ ਕਰਦੇ ਹਨ। ਉਂਝ, ਹਕੀਕਤ ਇਹ ਵੀ ਹੈ ਕਿ ਭਾਰਤ ਵਿੱਚ ਤੇਜ਼ੀ ਨਾਲ ਫੈਲ ਰਹੀ ਬੇਰੁਜ਼ਗਾਰੀ ਭਾਰਤ ਵਿੱਚੋਂ ਵੱਡੀ ਪੱਧਰ 'ਤੇ ਹੋ ਰਹੇ ਪਰਵਾਸ ਦਾ ਇੱਕ ਵੱਡਾ ਕਾਰਨ ਹੈ ਅਤੇ ਕੇਂਦਰ ਸਰਕਾਰ ਨੇ ਪਿਛਲੇ ਕਾਫੀ ਸਮੇਂ ਤੋਂ ਇਸ ਮਸਲੇ 'ਤੇ ਕੋਈ ਖਾਸ ਕਦਮ ਨਹੀਂ ਉਠਾਏ ਹਨ; ਹਾਲਾਂਕਿ ਆਰਥਿਕ ਮਾਹਿਰ ਇਹ ਵਾਰ-ਵਾਰ ਧਿਆਨ ਦਿਵਾਉਂਦੇ ਰਹੇ ਹਨ ਕਿ ਭਾਰਤ ਦਾ ਵਿਕਾਸ ਰੁਜ਼ਗਾਰ ਮੁਖੀ ਨਹੀਂ ਹੈ। ਮੁਲਕ ਦੇ ਵਿਕਾਸ ਨੂੰ ਰੁਜ਼ਗਾਰ ਮੁਖੀ ਬਣਾ ਕੇ ਹੀ ਹੁਨਰਮੰਦ ਪੇਸ਼ੇਵਰਾਂ ਨੂੰ ਸੰਭਾਲਣ ਵਿੱਚ ਮਦਦ ਮਿਲ ਸਕਦੀ ਹੈ।

ਯਾਦਗਾਰੀ ਹੋ ਨਿੱਬੜਿਆ ਧਰਮ ਪ੍ਰਚਾਰ ਵੈਲਫੇਅਰ ਸੁਸਾਇਟੀ ਘਨੌਲੀ ਦਾ ਸਾਲਾਨਾ ਇਨਾਮ ਵੰਡ ਸਮਾਗਮ

ਰੂਪ ਨਗਰ, 25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਘਨੌਲੀ ਇਲਾਕੇ ਦੇ 25 ਪਿੰਡਾ ਵਿੱਚ ਗੁਰਮਤਿ ਦੇ ਪ੍ਰਚਾਰ ਪ੍ਰਸਾਰ ਲਈ ਯਤਨਸ਼ੀਲ ਜਥੇਬੰਦੀ ਧਰਮ ਪ੍ਰਚਾਰ ਵੈਲਫੇਅਰ ਸੁਸਾਇਟੀ ਘਨੌਲੀ ਵੱਲੋਂ ਗੁਰਦੁਆਰਾ ਸਾਹਿਬ ਘਨੌਲੀ ਵਿੱਖੇ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਉੱਚੇ ਤੌਰ ਉੱਤੇ ਪੁੱਜੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਵਾਈਸ ਪ੍ਰਿੰਸੀਪਲ ਭਾਈ ਸੁਖਵਿੰਦਰ ਸਿੰਘ ਦਦੇਹਰ ਜੀ ਨੇ ਸੰਗਤਾਂ ਨੂੰ ਗੁਰਬਾਣੀ ਕਥਾ ਦੁਆਰਾ ਨਿਹਾਲ ਕੀਤਾ ਜ਼ਾਣਕਾਰੀ ਦਿੰਦਿਆ ਪ੍ਰਧਾਨ ਪਰਦੀਪ ਸਿੰਘ ਸਮਾਗਮ ਦੀ ਸ਼ੁਰੂਆਤ ਵਿੱਚ ਘਨੌਲੀ ਕਲਾਸ ਵਿੱਚ ਗੁਰਬਾਣੀ ਸੰਥਿਆ ਪ੍ਰਾਪਤ ਕਰਨ ਵਾਲੀ ਸੰਗਤ ਵਲੋ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਸੰਸਥਾ ਵਿੱਚ ਕੀਰਤਨ ਦੀ ਸਿਖਲਾਈ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵੱਲੋਂ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਤੋਂ ਉਪਰੰਤ ਭਾਈ ਸੁਖਵਿੰਦਰ ਸਿੰਘ ਥਲੀ ਵਾਲਿਆ ਨੇ ਕਥਾ ਵਿਚਾਰ ਅਤੇ ਸੁਰਮੁਖ ਸਿੰਘ ਖਰੜ ਵਾਲਿਆ ਨੇ ਸੰਗਤਾ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ, ਸਟੇਜ ਸਕੱਤਰ ਦੀ ਭੂਮਿਕਾ ਰਜਿੰਦਰ ਸਿੰਘ ਘਨੌਲੀ ਵੱਲੋ ਨਿਭਾਈ ਗਈ। ਮੋਹਨ ਸਿੰਘ ਅਤੇ ਸਤਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਜੁਲਾਈ ਮਹੀਨੇ ਵਿੱਚ ਗੁਰਮਤਿ ਕਲਾਸ ਵਿੱਚ ਹਾਜਰੀ ਭਰਨ ਵਾਲੇ 25 ਪਿੰਡਾ ਦੇ ਵਿਦਿਆਰਥੀਆਂ ਦੀ ਧਾਰਮਿਕ ਪ੍ਰੀਖਿਆ ਲਈ ਗਈ। ਲਿਖਤੀ ਪ੍ਰੀਖਿਆ ਵਿੱਚ 500 ਦੇ ਕਰੀਬ ਬੱਚਿਆਂ ਨੇ ਭਾਗ ਲਿਆ ਜਿਹਨਾਂ ਵਿੱਚੋ 9 ਬੱਚਿਆ ਨੇ ਮੈਰਿਟ, ਗਰੇਡ ਏ ਵਿੱਚ 43, ਗਰੇਡ ਬੀ ਵਿੱਚ 54, ਗਰੇਡ ਸੀ ਵਿੱਚ 65, ਗਰੇਡ ਡੀ ਵਿੱਚ 190 ਅਤੇ 120 ਬੱਚੇ ਨੇ ਗਰੇਡ ਈ ਪ੍ਰਾਪਤ ਕੀਤਾ। 25 ਪਿੰਡਾ ਵਿੱਚ ਇਹਨਾਂ ਬੱਚਿਆ ਨੂੰ ਗੁਰਮਤਿ ਦੀ ਸਿਖਲਾਈ ਦੀ ਸੇਵਾ ਨਿਭਾਉਣ ਵਾਲੇ ਨਿਸ਼ਕਾਮ ਅਧਿਆਪਕ ਸਾਹਿਬਾਨ ਨੂੰ ਵੀ ਸੰਸਥਾ ਵੱਲੋਂ ਸਨਮਾਨਿਤ ਕੀਤਾ ਗਿਆ। ਜਿੱਥੇ ਇਹਨਾ ਸਮਾਗਮ ਦੌਰਾਨ ਬੱਚਿਆਂ ਨੇ ਹਾਜ਼ਰੀ ਭਰੀ ਉਥੇ ਹੀ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਵੀ ਕੀਰਤਨ ਅਤੇ ਗੁਰਬਾਣੀ ਕਥਾ ਵਿਚਾਰ ਵੀ ਸਰਬਣ ਕੀਤਾ ।

ਇਸ ਮੌਕੇ ਚੇਅਰਮੈਨ ਗੁਰਮੁਖ ਸਿੰਘ ਘਨੌਲੀ, ਗੁਰਮੇਲ ਸਿੰਘ, ਜਸਮਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਬਚਨ ਸਿੰਘ ਡਾਇਰੈਕਟਰ ਗੁਰੂ ਨਾਨਕ ਮਾਡਲ ਸਕੂਲ ਲੋਧੀ ਮਾਜਰਾ, ਗੁਰਿੰਦਰ ਸਿੰਘ ਗੋਗੀ, ਗਿਆਨ ਸਿੰਘ, ਜਸਵੀਰ ਸਿੰਘ, ਸੁਖਵਿੰਦਰ ਸਿੰਘ, ਪਰਮਿੰਦਰ ਸਿੰਘ ਭੂਰਾ, ਰਜਿੰਦਰ ਸਿੰਘ ਗੋਗਾ, ਡਾ ਜਸਵੀਰ ਸਿੰਘ, ਸੁਰਿੰਦਰ ਸਿੰਘ ਸ਼ਿੰਦਾ, ਦਲਵਾਰਾ ਸਿੰਘ, ਅੰਮ੍ਰਿਤਪਾਲ ਸਿੰਘ ਭਰਤਗੜ੍ਹ, ਗੁਰਵਿੰਦਰ ਸਿੰਘ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ

ਰਮਨ ਬਹਿਲ ਦੀ ਅਗਵਾਈ ਹੇਠ ਹਲਕਾ ਗੁਰਦਾਸਪੁਰ ਵਿੱਚ ਲਗਾਤਾਰ ਮਜ਼ਬੂਤ ਹੋ ਰਹੀ ਹੈ ਆਮ ਆਦਮੀ ਪਾਰਟੀ

ਗੁਰਦਾਸਪੁਰ,25 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਰਮਨ ਬਹਿਲ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਆਮ ਆਦਮੀ ਪਰਟੀ ਦਿਨੋਂ-ਦਿਨ ਮਜ਼ਬੂਤ ਹੁੰਦੀ ਜਾ ਰਹੀ ਹੈ। ਪਾਰਟੀ ਦੀਆਂ ਲੋਕਪੱਖੀ ਨੀਤੀਆਂ ਕਾਰਨ ਹਲਕਾ ਗੁਰਦਾਸਪੁਰ ਵਿੱਚ ਪਾਰਟੀ ਨੂੰ ਬੁੱਧੀਜੀਵੀ ਵਰਗ ਦਾ ਸਾਥ ਵੀ ਮਿਲ ਗਿਆ ਹੈ। ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਸਾਬਕਾ ਪ੍ਰਿੰਸੀਪਲ ਬਲਬੀਰ ਸਿੰਘ, ਸਾਬਕਾ ਲੈਕਚਰਾਰ ਕਰਨੈਲ ਸਿੰਘ ਬੱਲ ਅਤੇ ਰੁਲਦੂ ਰਾਮ ਚਾਹੀਆ ਆਪਣੇ ਸਾਥੀਆਂ ਸਮੇਤ ਬੀਤੀ ਸ਼ਾਮ ਸ੍ਰੀ ਰਮਨ ਬਹਿਲ ਦੀ ਹਾਜ਼ਰੀ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ।

ਹਲਕਾ ਇੰਚਾਰਜ ਸ੍ਰੀ ਰਮਨ ਬਹਿਲ ਨੇ ਬੁੱਧੀਜੀਵੀ ਵਰਗ ਦਾ ਪਾਰਟੀ ਵਿੱਚ ਸ਼ਾਮਲ ਹੋਣ ▼ਤੇ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਸਮਾਜ ਦੇ ਬੁੱਧੀਜੀਵੀ ਵਰਗ ਵੱਲੋਂ ਪਾਰਟੀ ਨੂੰ ਸਮਰਥਨ ਦੇਣ ਨਾਲ ਪਾਰਟੀ ਮਜ਼ਬੂਤ ਹੋਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਇਨ੍ਹਾਂ ਸਾਰੇ ਆਗੂਆਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੁੱਧੀਜੀਵੀ ਵਰਗ ਹਮੇਸ਼ਾਂ ਹੀ ਸਮਾਜ ਦੀ ਅਗਵਾਈ ਕਰਦਾ ਹੈ ਅਤੇ ਲੋਕ ਵੀ ਏਨ੍ਹਾਂ ਤੋਂ ਪ੍ਰੇਰਨਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਬੁੱਧੀਜੀਵੀ ਵਰਗ ਨੇ ਜੋ ਆਮ ਆਦਮੀ ਪਾਰਟੀ ਨੂੰ ਆਪਣਾ ਸਮਰਥਨ ਤੇ ਸਾਥ ਦਿੱਤਾ ਹੈ ਇਸ ਨੇ ਇਹ ਪੱਕਿਆਂ ਕਰ ਦਿੱਤਾ ਹੈ ਕਿ ਸੂਬੇ ਦੇ ਅਵਾਮ ਦੀ ਇਮਾਨਦਾਰੀ ਨਾਲ ਸੇਵਾ ਕਰਨ ਵਾਲੀ ਪਾਰਟੀ ਸਿਰਫ਼ ਆਮ ਆਦਮੀ ਪਾਰਟੀ ਹੀ ਹੈ।

ਇਸ ਮੌਕੇ ਸਾਬਕਾ ਪ੍ਰਿੰਸੀਪਲ ਬਲਬੀਰ ਸਿੰਘ ਨੇ ਕਿਹਾ ਕਿ ਸ੍ਰੀ ਅਰਵਿੰਦ ਕੇਜ਼ਰੀਵਾਲ ਅਤੇ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵੱਲੋਂ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕੀਤੀ ਜਾ ਰਹੀ ਹੈ, ਜਿਸ ਤੋਂ ਪ੍ਰਭਾਵਿਤ ਹੋ ਕੇ ਉਹ ਆਪਣੇ ਸਾਥੀਆਂ ਸਮੇਤ ਆਪ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਮੈਰਿਟ ▼ਤੇ ਨੌਕਰੀਆਂ ਦਿੱਤੀਆਂ

ਨਰੇਂਦਰ ਮੋਦੀ: ਭਾਰਤ ਦੇ ਰਾਜਨੀਤਿਕ ਕੁਲੀਨ ਵਰਗ ਨੂੰ ਚੁਣੌਤੀ ਦੇਣ ਵਾਲੇ ਲੋਕ ਨੇਤਾ



ਸ਼ਿਵਰਾਜ ਸਿੰਘ ਚੌਹਾਨ
ਕੇਂਦਰੀ ਮੰਤਰੀ

ਭਾਰਤੀ ਰਾਜਨੀਤੀ ਵਿੱਚ ਨਰੇਂਦਰ ਮੋਦੀ ਦੇ ਉਭਾਰ ਨੂੰ ਵਿਸ਼ੇਸ਼ ਅਧਿਕਾਰ ਦੇ ਰਵਾਇਤੀ ਦ੍ਰਿਸ਼ਟੀਕੋਣ ਤੋਂ ਨਹੀਂ ਸਮਝਿਆ ਜਾ ਸਕਦਾ। ਰਾਜਨੀਤਿਕ ਰਾਜਵੰਸ਼ਾਂ ਵਿੱਚ ਪਲੇ-ਵਧੇ ਬਹੁਤ ਸਾਰੇ ਨੇਤਾਵਾਂ ਦੇ ਉਲਟ, ਮੋਦੀ ਅਤੇ ਉਨ੍ਹਾਂ ਦੀ ਲੀਡਰਸ਼ਿਪ ਸ਼ੈਲੀ ਮਿੱਟੀ ਤੋਂ ਉੱਭਰੀ ਹੈ, ਜਿਸ ਨੇ ਉਨ੍ਹਾਂ ਦੇ ਸੰਘਰਸ਼, ਸਾਲਾਂ ਦੇ ਜ਼ਮੀਨੀ ਪੱਧਰ ਦੇ ਕੰਮ ਅਤੇ ਸਰਕਾਰ ਦੇ ਵੱਖ-ਵੱਖ ਪੱਧਰਾਂ 'ਤੇ ਪ੍ਰਾਪਤ ਕੀਤੇ ਵਿਹਾਰਕ ਤਜ਼ਰਬਿਆਂ ਤੋਂ ਆਕਾਰ ਲਿਆ ਹੈ॥ ਉਨ੍ਹਾਂ ਦਾ ਕਰੀਅਰ ਨਾ ਸਿਰਫ਼ ਇੱਕ ਆਦਮੀ ਦੇ ਉਭਾਰ ਨੂੰ ਦਰਸਾਉਂਦਾ ਹੈ, ਸਗੋਂ ਭਾਰਤ ਵਿੱਚ ਕੁਲੀਨ ਵਰਗ ਵੱਲੋਂ ਸੰਚਾਲਿਤ ਰਾਜਨੀਤੀ ਦੀ ਨੀਂਹ ਲਈ ਇੱਕ ਚੁਣੌਤੀ ਹੈ।

ਵਡਨਗਰ ਦੇ ਇੱਕ ਆਮ ਘਰ ਵਿੱਚ ਜੰਮੇ, ਮੋਦੀ ਦਾ ਬਚਪਨ ਜ਼ਿੰਮੇਵਾਰੀ ਅਤੇ ਸਾਦਗੀ ਨਾਲ ਭਰਿਆ ਰਿਹਾ। ਹੜ੍ਹ ਪੀੜਤਾਂ ਦੀ ਸਹਾਇਤਾ ਲਈ ਚੈਰਿਟੀ ਸਟਾਲ ਲਗਾਉਣ ਤੋਂ ਲੈ ਕੇ ਸਕੂਲੀ ਵਿਦਿਆਰਥੀ ਵਜੋਂ ਜਾਤੀ ਵਿਤਕਰੇ 'ਤੇ ਇੱਕ ਨਾਟਕ ਲਿਖਣ ਤੱਕ, ਉਨ੍ਹਾਂ ਨੇ ਛੋਟੀ ਉਮਰ ਵਿੱਚ ਹੀ ਸੰਗਠਨਾਤਮਕ ਸੂਝ-ਬੂਝ ਅਤੇ ਸਮਾਜਿਕ ਚਿੰਤਾ ਦਾ ਇੱਕ ਅਸਾਧਾਰਣ ਮਿਸ਼ਰਣ ਪ੍ਰਦਰਸ਼ਿਤ ਕੀਤਾ। ਉਨ੍ਹਾਂ ਨੇ ਗਰੀਬ ਸਹਿਪਾਠੀਆਂ ਲਈ ਵਰਤੀਆਂ ਹੋਈਆਂ ਕਿਤਾਬਾਂ ਅਤੇ ਵਰਦੀਆਂ ਇਕੱਠੀਆਂ ਕਰਨ ਲਈ ਮੁਹਿੰਮਾਂ ਵੀ ਚਲਾਈਆਂ, ਜੋ ਇਸ ਗੱਲ ਦਾ ਸ਼ੁਰੂਆਤੀ ਸੰਕੇਤ ਸੀ ਕਿ ਉਹ ਅਗਵਾਈ ਨੂੰ ਕਿਸੇ ਵਿਸ਼ੇਸ਼ ਅਧਿਕਾਰ ਵਜੋਂ ਨਹੀਂ, ਸਗੋਂ ਸੇਵਾ ਦੇ ਰੂਪ ਵਿੱਚ ਦੇਖਦੇ ਹਨ। ਇਨ੍ਹਾਂ ਛੋਟੇ-ਛੋਟੇ ਯਤਨਾਂ ਨੇ ਉਨ੍ਹਾਂ ਵੱਲੋਂ ਜਨਤਕ ਜੀਵਨ ਵਿੱਚ ਅਪਣਾਏ ਜਾਣ ਵਾਲੇ ਦ੍ਰਿਸ਼ਟੀਕੋਣ ਨੂੰ ਦਰਸਾਇਆ।

ਰਾਸ਼ਟਰੀਯ ਸਵੈਮਸੇਵਕ ਸੰਘ (ਆਰਐੱਸਐੱਸ) ਵਿੱਚ ਉਨ੍ਹਾਂ ਦੀਆਂ ਜ਼ਮੀਨੀ ਪ੍ਰਵਿਰਤੀਆਂ ਹੋਰ ਵੀ ਤਿੱਖੀਆਂ ਹੋ ਗਈਆਂ ਸਨ, ਜਿੱਥੇ ਆਮ ਵਰਕਰਾਂ ਨੂੰ ਪਿੰਡਾਂ ਦੇ ਲੋਕਾਂ ਨਾਲ ਗੱਲਬਾਤ ਕਰਨ, ਉਨ੍ਹਾਂ ਵਾਂਗ ਰਹਿਣ ਅਤੇ ਆਪਣੇ ਆਚਰਣ ਰਾਹੀਂ ਵਿਸ਼ਵਾਸ ਅਰਜਿਤ ਕਰਨ ਦੀ ਹਦਾਇਤ ਦਿੱਤੀ ਜਾਂਦੀ ਸੀ। ਇੱਕ ਨੌਜਵਾਨ ਪ੍ਰਚਾਰਕ ਹੋਣ ਦੇ ਨਾਤੇ, ਮੋਦੀ ਨੇ ਬਿਲਕੁਲ ਅਜਿਹਾ ਹੀ ਕੀਤਾ। ਅਕਸਰ ਬੱਸ ਜਾਂ ਸਕੂਟਰ ਰਾਹੀਂ ਗੁਜਰਾਤ ਭਰ ਵਿੱਚ ਯਾਤਰਾ ਕਰਦੇ ਹੋਏ, ਅਤੇ ਭੋਜਨ ਅਤੇ ਆਸਰੇ ਲਈ ਪਿੰਡ ਵਾਸੀਆਂ 'ਤੇ ਨਿਰਭਰ ਰਹਿੰਦੇ ਹੋਏ, ਉਨ੍ਹਾਂ ਨੇ ਸਾਂਝੀਆਂ ਮੁਸ਼ਕਿਲਾਂ ਅਤੇ ਸੰਘਰਸ਼ਾਂ ਰਾਹੀਂ ਸਾਰੇ ਵਰਗਾਂ ਦਾ ਵਿਸ਼ਵਾਸ ਜਿੱਤਿਆ। ਇਸ ਅਨੁਸ਼ਾਸਨ ਨੇ ਉਨ੍ਹਾਂ ਲੋਕਾਂ ਦੀਆਂ ਰੋਜ਼ਾਨਾ ਚਿੰਤਾਵਾਂ ਵਿੱਚ ਜੁੜੇ ਰਹਿਣ ਵਿੱਚ ਮਦਦ ਕੀਤੀ, ਜਿਨ੍ਹਾਂ ਦੀ ਉਹ ਸੇਵਾ ਕਰਨਾ ਚਾਹੁੰਦੇ ਸਨ, ਅਤੇ ਇਸੇ ਅਨੁਸ਼ਾਸਨ ਨੇ ਉਨ੍ਹਾਂ ਨੂੰ ਸੰਕਟਾਂ ਵਿੱਚ ਸੰਗਠਿਤ, ਵੱਡੇ ਪੈਮਾਨੇ 'ਤੇ ਕਦਮ ਚੁੱਕਣ ਦੀ ਜ਼ਰੂਰਤ ਪੈਣ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਅਗਵਾਈ ਕਰਨ ਲਈ ਤਿਆਰ ਕੀਤਾ।

ਅਜਿਹਾ ਹੀ ਇੱਕ ਸੰਕਟ 1979 ਵਿੱਚ ਮਛੂ ਡੈਮ ਢਹਿਣ ਕਾਰਨ ਆਇਆ ਸੀ, ਜਿਸ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਸਨ। 29 ਸਾਲਾਂ ਮੋਦੀ ਨੇ ਤੁਰੰਤ ਵਲੰਟੀਅਰਾਂ ਨੂੰ ਸ਼ਿਫਟਾਂ ਵਿੱਚ ਲਾਮਬੰਦ ਕੀਤਾ, ਰਾਹਤ ਸਮੱਗਰੀ ਦਾ ਪ੍ਰਬੰਧ ਕੀਤਾ, ਲਾਸ਼ਾਂ ਕੱਢੀਆਂ ਅਤੇ ਪਰਿਵਾਰਾਂ ਨੂੰ ਦਿਲਾਸਾ ਦਿੱਤਾ। ਕੁਝ ਸਾਲਾਂ ਬਾਅਦ, ਗੁਜਰਾਤ ਵਿੱਚ ਸੋਕੇ ਦੌਰਾਨ, ਉਨ੍ਹਾਂ ਨੇ ਸੁਖਦੀ ਮੁਹਿੰਮ ਦੀ ਅਗਵਾਈ ਕੀਤੀ, ਜਿਸ ਨੇ ਪੂਰੇ ਸੂਬੇ ਵਿੱਚ ਅਤੇ ਲਗਭਗ 25 ਕਰੋੜ ਰੁਪਏ ਦਾ ਭੋਜਨ ਵੰਡਿਆ। ਦੋਨਾਂ ਹੀ ਆਫ਼ਤਾਂ ਵਿੱਚ, ਉਨ੍ਹਾਂ ਨੇ ਸ਼ੁਰੂ ਤੋਂ ਹੀ ਵੱਡੇ ਪੱਧਰ 'ਤੇ ਰਾਹਤ ਯਤਨ ਸ਼ੁਰੂ ਕੀਤੇ, ਜਿਸ ਨਾਲ ਉਨ੍ਹਾਂ ਦੇ ਉਦੇਸ਼ ਦੀ ਸਪਸ਼ਟਤਾ, ਉਨ੍ਹਾਂ ਦੇ ਫੌਜੀ-ਸ਼ੈਲੀ ਦੇ ਸੰਗਠਨ ਦਾ ਪਤਾ ਚੱਲਿਆ ਅਤੇ ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਲੀਡਰਸ਼ਿਪ ਦਾ ਅਰਥ ਸਿਰਫ ਪ੍ਰਤੀਕਵਾਦ ਨਹੀਂ, ਸਗੋਂ ਸੇਵਾ ਹੈ। ਜਦੋਂ ਇਨ੍ਹਾਂ ਸ਼ੁਰੂਆਤੀ ਘਟਨਾਵਾਂ ਨੇ ਲੋਕਾਂ ਨੂੰ ਸੰਗਠਿਤ ਕਰਨ ਦੀ ਉਨ੍ਹਾਂ ਦੀ ਯੋਗਤਾ ਦੀ ਪਰਖ ਕੀਤੀ, ਐਮਰਜੈਂਸੀ ਨੇ ਦਮਨ ਦੇ ਸਾਹਮਣੇ ਉਨ੍ਹਾਂ ਦੀ ਹਿੰਮਤ ਦੀ ਪਰਖ ਕੀਤੀ। ਸਿਰਫ਼ 25 ਸਾਲ ਦੀ ਉਮਰ ਵਿੱਚ, ਇੱਕ ਸਿੱਖ ਦੇ ਭੇਸ ਵਿੱਚ, ਉਨ੍ਹਾਂ ਨੇ ਪੁਲਿਸ ਨਿਗਰਾਨੀ ਤੋਂ ਬਚਣ ਦੀ ਕੋਸ਼ਿਸ਼ ਕਰਨ ਵਾਲੇ ਕਾਰਕੁਨਾਂ ਅਤੇ ਨੇਤਾਵਾਂ ਵਿਚਕਾਰ ਸੰਚਾਰ ਬਣਾਈ ਰੱਖਿਆ। ਇਸ ਜ਼ਮੀਨੀ ਪੱਧਰ ਦੇ ਨੈੱਟਵਰਕ ਨੇ ਜ਼ਾਲਮ ਸ਼ਾਸਨ ਦੇ ਖਿਲਾਫ ਵਿਰੋਧ ਨੂੰ ਜ਼ਿੰਦਾ ਰੱਖਿਆ, ਜਿਸ ਨਾਲ ਉਨ੍ਹਾਂ ਨੂੰ ਇੱਕ ਹੁਨਰਮੰਦ ਪ੍ਰਬੰਧਕ ਵਜੋਂ ਪ੍ਰਸਿੱਧੀ ਮਿਲੀ।

ਇਨ੍ਹਾਂ ਹੁਨਰਾਂ ਨੂੰ ਜਲਦੀ ਹੀ ਚੋਣ ਰਾਜਨੀਤੀ ਵਿੱਚ ਵਰਤਿਆ ਗਿਆ। ਭਾਜਪਾ-ਗੁਜਰਾਤ ਦੇ ਸੰਗਠਨ ਮੰਤਰੀ ਦੇ ਤੌਰ 'ਤੇ, ਉਨ੍ਹਾਂ ਨੇ ਪਾਰਟੀ ਨੂੰ ਨਵੇਂ ਭਾਈਚਾਰਿਆਂ ਤੱਕ ਫੈਲਾਇਆ, ਜਿਨ੍ਹਾਂ ਵਿੱਚ ਰਾਜਨੀਤਿਕ ਭਾਸ਼ਣ ਵਿੱਚ ਹਾਸ਼ੀਏ 'ਤੇ ਪਏ ਲੋਕ ਵੀ ਸ਼ਾਮਲ ਸਨ। ਉਨ੍ਹਾਂ ਨੇ ਵੱਖ-ਵੱਖ ਪਿਛੋਕੜਾਂ ਦੇ ਨੇਤਾਵਾਂ ਨੂੰ ਤਿਆਰ ਕੀਤਾ, ਜ਼ਮੀਨੀ ਪੱਧਰ 'ਤੇ ਸਮਰਥਨ ਜੁਟਾਇਆ, ਅਤੇ ਗੁਜਰਾਤ ਭਰ ਵਿੱਚ ਲਾਲ ਕ੍ਰਿਸ਼ਨ ਅਡਵਾਣੀ ਦੀ ਸੋਮਨਾਥ-ਅਯੋਧਿਆ ਰੱਥ ਯਾਤਰਾ ਜਿਹੇ ਵੱਡੇ ਸਮਾਗਮਾਂ ਦੀ ਯੋਜਨਾ ਬਣਾਉਣ ਵਿੱਚ ਮਦਦ ਕੀਤੀ। ਬਾਅਦ ਵਿੱਚ, ਵੱਖ-ਵੱਖ ਰਾਜਾਂ ਦੇ ਇੰਚਾਰਜ ਵਜੋਂ, ਉਨ੍ਹਾਂ ਨੇ ਬੂਥ ਪੱਧਰ ਤੱਕ ਮਜ਼ਬੂਤ ਪਾਰਟੀ ਨੈੱਟਵਰਕ ਬਣਾਏ।

ਜਦੋਂ ਉਨ੍ਹਾਂ ਨੇ 2001 ਵਿੱਚ ਗੁਜਰਾਤ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ, ਤਾਂ ਉਨ੍ਹਾਂ ਨੇ ਇਨ੍ਹਾਂ ਸਬਕਾਂ ਨੂੰ ਸ਼ਾਸਨ ਵਿੱਚ ਲਾਗੂ ਕੀਤਾ। ਉਦਾਹਰਣ ਵਜੋਂ, ਅਹੁਦਾ ਸੰਭਾਲਣ ਤੋਂ ਕੁਝ ਘੰਟਿਆਂ ਬਾਅਦ, ਉਨ੍ਹਾਂ ਨੇ ਨਰਮਦਾ ਦੇ ਪਾਣੀ ਨੂੰ ਸਾਬਰਮਤੀ ਤੱਕ ਲਿਆਉਣ ਬਾਰੇ ਵਿਚਾਰ ਕਰਨ ਲਈ ਇੱਕ ਮੀਟਿੰਗ ਬੁਲਾਈ, ਜਿਸ ਨਾਲ ਇਹ ਸੰਕੇਤ ਮਿਲਿਆ ਕਿ ਫੈਸਲਾਕੁੰਨ ਕਾਰਵਾਈ ਉਨ੍ਹਾਂ ਦੇ ਪ੍ਰਸ਼ਾਸਨ ਨੂੰ ਪਰਿਭਾਸ਼ਿਤ ਕਰੇਗੀ। ਉਨ੍ਹਾਂ ਦਾ ਦ੍ਰਿਸ਼ਟੀਕੋਣ ਸ਼ਾਸਨ ਨੂੰ ਇੱਕ ਲੋਕ ਲਹਿਰ ਵਿੱਚ ਬਦਲਣਾ ਸੀ, ਜਿੱਥੇ ਪ੍ਰਵੇਸ਼ੋਤਸਵ (Praveshotsav) ਨੇ ਸਕੂਲ ਦਾਖਲੇ ਨੂੰ ਉਤਸ਼ਾਹਿਤ ਕੀਤਾ, ਕੰਨਿਆ ਕੇਲਵਾਨੀ (Kanya Kelavani) ਨੇ ਬੇਟੀਆਂ ਦੀ ਸਿੱਖਿਆ ਦਾ ਸਮਰਥਨ ਕੀਤਾ, ਗਰੀਬ ਕਲਿਆਣ ਮੇਲਿਆਂ ਨੇ ਨਾਗਰਿਕਾਂ ਦੀ ਭਲਾਈ ਲਿਆਂਦੀ, ਅਤੇ ਕ੍ਰਿਸ਼ੀ ਰੱਥ ਨੇ ਕਿਸਾਨਾਂ ਦੇ ਖੇਤਾਂ ਵਿੱਚ ਖੇਤੀਬਾੜੀ ਸਹਾਇਤਾ ਲਿਆਂਦੀ। ਨੌਕਰਸ਼ਾਹਾਂ ਨੂੰ ਦਫ਼ਤਰਾਂ ਤੋਂ ਬਾਹਰ ਕੱਢ ਕੇ ਕਸਬਿਆਂ ਅਤੇ ਪਿੰਡਾਂ ਵਿੱਚ ਭੇਜਿਆ ਗਿਆ। ਉਨ੍ਹਾਂ ਦਾ ਮੰਨਣਾ ਸੀ ਕਿ ਸ਼ਾਸਨ ਉਨ੍ਹਾਂ ਲੋਕਾਂ ਤੱਕ ਪਹੁੰਚਣਾ ਚਾਹੀਦਾ ਹੈ ਜਿੱਥੇ ਉਹ ਰਹਿੰਦੇ ਹਨ, ਨਾ ਕਿ ਸਿਰਫ ਮੀਟਿੰਗ ਰੂਮਾਂ ਤੱਕ ਸੀਮਤ ਰਹੇ।

ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ, ਗੁਜਰਾਤ ਵਿੱਚ ਕੀਤੇ ਗਏ ਪ੍ਰਯੋਗ ਰਾਸ਼ਟਰੀ ਮਾਡਲ ਬਣ ਗਏ। ਸਵੱਛਤਾ ਮੁਹਿੰਮਾਂ ਨੇ ਉਨ੍ਹਾਂ ਦੇ ਤਜਰਬੇ ਨੇ ਸਵੱਛ ਭਾਰਤ ਮਿਸ਼ਨ ਦਾ ਰੂਪ ਲਿਆ, ਜਿੱਥੇ ਉਨ੍ਹਾਂ ਨੇ ਪ੍ਰਤੀਕਾਤਮਕਤਾ ਨੂੰ ਸਮੂਹਿਕ ਕਾਰਵਾਈ ਵਿੱਚ ਬਦਲਣ ਲਈ ਨਿੱਜੀ ਤੌਰ 'ਤੇ ਝਾੜੂ ਚੁੱਕਿਆ। ਡਿਜੀਟਲ ਇੰਡੀਆ, ਜਨ ਧਨ ਯੋਜਨਾ, ਅਤੇ ਹੋਰ ਪਹਿਲਕਦਮੀਆਂ ਸਿਖਰ ਤੋਂ ਸ਼ੁਰੂ ਕੀਤੇ ਗਏ ਪ੍ਰੋਗਰਾਮ ਨਹੀਂ ਸਨ, ਸਗੋਂ ਜ਼ਮੀਨੀ ਪੱਧਰ 'ਤੇ ਬਿਤਾਏ ਉਨ੍ਹਾਂ ਦੀ ਸਾਲਾਂ ਤੋਂ ਪ੍ਰਾਪਤ ਸਿੱਖਿਆ 'ਤੇ ਅਧਾਰਿਤ ਜਨ ਅੰਦੋਲਨ ਸਨ। ਉਨ੍ਹਾਂ ਨੇ ਜਨਤਕ ਭਾਗੀਦਾਰੀ ਦੇ ਉਨ੍ਹਾਂ ਦੇ ਦਰਸ਼ਨ ਨੂੰ ਮੂਰਤੀਮਾਨ ਕੀਤਾ, ਜਿੱਥੇ ਸ਼ਾਸਨ ਸਿਰਫ਼ ਉਦੋਂ ਪ੍ਰਭਾਵਸ਼ਾਲੀ ਹੁੰਦਾ ਹੈ ਜਦੋਂ ਨਾਗਰਿਕ ਪੈਸਿਵ ਪ੍ਰਾਪਤਕਰਤਾਵਾਂ ਦੀ ਬਜਾਏ ਭਾਈਵਾਲ ਬਣ ਜਾਂਦੇ ਹਨ। ਮੋਦੀ ਜਿਹੇ ਨੇਤਾ ਅਤੇ ਜਨਤਾ ਵਿਚਕਾਰ ਦਹਾਕਿਆਂ ਤੋਂ ਵਿਕਸਿਤ ਇਸ ਵਿਸ਼ਵਾਸ ਨੇ ਅੱਜ ਦੇ ਭਾਰਤ ਵਿੱਚ ਨੀਤੀ ਨੂੰ ਭਾਈਵਾਲੀ ਵਿੱਚ ਬਦਲ ਦਿੱਤਾ ਹੈ।

ਦਹਾਕਿਆਂ ਤੋਂ, ਮੋਦੀ ਮੀਟਿੰਗਾਂ ਵਿੱਚ ਹੋਣ ਵਾਲੀਆਂ ਬਹਿਸਾਂ ਨਾਲ ਨਹੀਂ, ਸਗੋਂ ਜ਼ਮੀਨੀ ਪੱਧਰ 'ਤੇ ਜੀਵੰਤ ਸੰਪਰਕ ਰਾਹੀਂ ਲੋਕਾਂ ਦੀਆਂ ਜ਼ਰੂਰਤਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਪੂਰਾ ਕਰਨ ਦੇ ਤਰੀਕੇ ਲੱਭਣ ਦੀ ਇੱਕ ਦੁਰਲੱਭ ਸਹਿਜ ਪ੍ਰਵਿਰਤੀ ਦਿਖਾਈ ਹੈ। ਇਹ ਪ੍ਰਵਿਰਤੀ ਸਖ਼ਤ ਪ੍ਰਸ਼ਾਸਨਿਕ ਤਜਰਬੇ ਦੇ ਨਾਲ ਮਿਲੇ ਕੇ ਉਨ੍ਹਾਂ ਦੀ ਰਾਜਨੀਤੀ ਨੂੰ ਪਰਿਭਾਸ਼ਿਤ ਕਰਦੀ ਹੈ।

ਬੁਨਿਆਦੀ ਤੌਰ 'ਤੇ, ਉਨ੍ਹਾਂ ਦੇ ਜੀਵਨ ਅਤੇ ਲੀਡਰਸ਼ਿਪ ਨੇ ਭਾਰਤੀ ਰਾਜਨੀਤੀ ਦੇ ਸਿਰਫ਼ ਕੁਲੀਨ ਵਰਗ ਨਾਲ ਸਬੰਧਿਤ ਹੋਣ ਦੀ ਧਾਰਨਾ ਨੂੰ ਨਵੇਂ ਸਿਰੇ ਤੋਂ ਮੁੜ-ਪਰਿਭਾਸ਼ਿਤ ਕੀਤਾ ਹੈ। ਉਹ ਯੋਗਤਾ ਅਤੇ ਸਖ਼ਤ ਮਿਹਨਤ ਦਾ ਪ੍ਰਤੀਕ ਬਣ ਗਏ ਹਨ, ਅਤੇ ਉਨ੍ਹਾਂ ਨੇ ਸ਼ਾਸਨ ਨੂੰ ਆਮ ਲੋਕਾਂ ਦੇ ਨੇੜੇ ਲਿਆਂਦਾ ਹੈ। ਉਨ੍ਹਾਂ ਦੀ ਰਾਜਨੀਤਿਕ ਤਾਕਤ ਸੱਤਾ ਨੂੰ ਲੋਕਾਂ ਨਾਲ ਜੋੜਨ ਵਿੱਚ ਹੈ। ਅਜਿਹਾ ਕਰਕੇ, ਉਨ੍ਹਾਂ ਨੇ ਭਾਰਤੀ ਰਾਜਨੀਤੀ ਨੂੰ ਇੱਕ ਨਵਾਂ ਰੂਪ ਦਿੱਤਾ ਹੈ, ਜੋ ਆਮ ਨਾਗਰਿਕ ਦੇ ਸੰਘਰਸ਼ਾਂ ਅਤੇ ਭਾਵਨਾਵਾਂ 'ਤੇ ਅਧਾਰਿਤ ਹੈ।

ਇਸ਼ਮੀਤ ਕੌਰ ਅਤੇ ਬਲਾਕ ਇੰਚਾਰਜ ਕਿਰਨਜੀਤ ਕੌਰ ਦੇ ਸਹਿਯੋਗ ਨਾਲ ਫਲਦਾਰ ਬੂਟਿਆਂ ਦੀ ਵੰਡ

ਮਾਛੀਵਾੜਾ ਸਾਹਿਬ, 25 ਸਤੰਬਰ
-ਸਤੀਸ਼ ਕੁਮਾਰ-
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਲੁਧਿਆਣਾ ਵੱਲੋਂ ਰਾਸ਼ਟਰੀ ਪੋਸ਼ਣ ਮਹੀਨੇ ਦੇ ਤਹਿਤ ਇਕ ਪੇੜ ਮਾਂ ਦੇ ਨਾਮ ਮੁਹਿੰਮ ਅਧੀਨ ਮਾਈ ਯੁਵਾ ਭਾਰਤ ਦੇ ਡਿਪਟੀ ਡਾਇਰੈਕਟਰ ਯੂਥ ਮੈਡਮ ਇਸ਼ਮੀਤ ਕੌਰ ਅਤੇ ਬਲਾਕ ਇੰਚਾਰਜ ਕਿਰਨਜੀਤ ਕੌਰ ਦੇ ਸਹਿਯੋਗ ਨਾਲ ਫਲਦਾਰ ਬੂਟਿਆਂ ਦੀ ਵੰਡ ਕੀਤੀ ਗਈ। ਇਸ ਸਮਾਗਮ ਵਿੱਚ ਹੋਮ ਸਾਇੰਸ ਵਿਭਾਗ ਦੀਆਂ 150 ਵਿਦਿਆਰਥਣਾਂ ਨੂੰ ਫਲਦਾਰ ਬੂਟੇ ਦਿੱਤੇ ਗਏ ,ਤਾਂ ਜੋ ਉਹ ਇਸਨੂੰ ਘਰ ਜਾਂ ਪਿੰਡ ਵਿੱਚ ਲਗਾ ਕੇ ਵਾਤਾਵਰਨ ਸੰਭਾਲਣ ਵਿੱਚ ਆਪਣਾ ਯੋਗਦਾਨ ਪਾ ਸਕਣ। ਡਾਕਟਰ ਰਣਜੀਤ ਕੌਰ ਨੇ ਕਿਹਾ ਕਿ ਇਸ ਮੁਹਿੰਮ ਦਾ ਮੁਖ ਮਕਸਦ ਵਿਦਿਆਰਥੀਆਂ ਵਿੱਚ ਪੋਸ਼ਣ ਸਬੰਧੀ ਜਾਣਕਾਰੀ,ਸਿਹਤਮੰਦ ਜੀਵਨ ਤੇ ਵਾਤਾਵਰਨ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਹੈ।

ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਫਲਦਾਰ ਬੂਟੇ ਨਾ ਸਿਰਫ਼ ਸਾਨੂੰ ਆਕਸੀਜਨ ਅਤੇ ਫਲ ਦਿੰਦੇ ਹਨ, ਸਗੋਂ ਸਿਹਤਮੰਦ ਫਲਾਂ ਰਾਹੀਂ ਪੋਸ਼ਣ ਦੀ ਲੋੜ ਵੀ ਪੂਰੀ ਕਰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਇਹ ਬੂਟੇ ਪਿਆਰ ਨਾਲ ਲਗਾ ਕੇ ਮਾਵਾਂ ਦੇ ਨਾਮ ਨੂੰ ਹਮੇਸ਼ਾਂ ਜਿਊਂਦਾ ਰੱਖ ਸਕਦੀਆਂ ਹਨ।

ਇਸ ਮੌਕੇ ਵਿਦਿਆਰਥੀਆਂ ਨੇ ਵੀ ਵਚਨ ਦਿੱਤਾ ਕਿ ਉਹ ਨਾਂ ਕੇਵਲ ਬੂਟੇ ਲਗਾਉਣਗੇ ਬਲਕਿ ਉਹਨਾਂ ਦੀ ਸੰਭਾਲ ਕਰਦੇ ਹੋਏ ਹੋਰ ਲੋਕਾਂ ਨੂੰ ਵੀ ਇਸ ਮਹੱਤਵਪੂਰਨ ਯਤਨ ਨਾਲ ਜੁੜਨ ਲਈ ਪ੍ਰੇਰਿਤ ਕਰਨਗੇ।

ਛੌੜੀਆਂ ਬੇਟ ਵਿਖੇ ਖਸਤਾ ਹਾਲਤ ਇਮਾਰਤ ਨੂੰ ਢਾਹੁਣ ਲਈ ਮਿਲੀ ਮਨਜ਼ੂਰੀ, ਭਲਕੇ ਖੁੱਲੀ ਬੋਲੀ ਰਾਹੀਂ ਦਿੱਤਾ ਜਾਵੇਗਾ ਠੇਕਾ

ਮਾਛੀਵਾੜਾ ਸਾਹਿਬ, 25 ਸਤੰਬਰ
-ਸਤੀਸ਼ ਕੁਮਾਰ-
-ਕੌਮੀ ਪੱਤ੍ਰਿਕਾ ਬਿਊਰੋ-

ਬਲਾਕ ਮਾਛੀਵਾੜਾ ਦੇ ਪਿੰਡ ਛੌੜੀਆਂ ਬੇਟ ਵਿਖੇ ਖਸਤਾ ਹਾਲਤ ਸਰਕਾਰੀ ਇਮਾਰਤ ਨੂੰ ਢਾਹੁਣ ਲਈ ਪ੍ਰਸ਼ਾਸਨ ਵੱਲੋਂ ਮਨਜ਼ੂਰੀ ਦਿੱਤੀ ਗਈ ਹੈ। ਜਾਣਕਾਰੀ ਦਿੰਦਿਆਂ ਸਰਪੰਚ ਗੁਰਵਿੰਦਰ ਸਿੰਘ ਬੱਬੂ ਨੇ ਦੱਸਿਆ ਕਿ ਪਿਛਲੇ ਕਾਫੀ ਸਮੇਂ ਤੋਂ ਸਰਕਾਰੀ ਇਮਾਰਤ ਦੀ ਹਾਲਤ ਖ਼ਸਤਾ ਹੋ ਗਈ ਸੀ,ਜ਼ੋ ਵਰਤੋਂ ਯੋਗ ਨਹੀਂ ਰਹੀ ਸੀ। ਪੰਚਾਇਤ ਵੱਲੋਂ ਮਤਾ ਪਾਸ ਕਰਕੇ ਵਿਭਾਗ ਤੋਂ ਇਮਾਰਤ ਦੇ ਨਵੀਨੀਕਰਨ ਦੀ ਮੰਗ ਕੀਤੀ ਗਈ ਸੀ ਜਿਸਨੂੰ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਯਤਨਾਂ ਸਦਕਾ ਪਾਸ ਕਰਵਾ ਲਿਆ ਗਿਆ ਹੈ। ਬੁੱਧਵਾਰ 24 ਸਤੰਬਰ ਨੂੰ ਸਵੇਰੇ 10 ਵਜੇ ਤੋਂ 11 ਵਜੇ ਦਰਮਿਆਨ ਖੁੱਲੀ ਬੋਲੀ ਰਾਹੀਂ ਪੁਰਾਣੀ ਇਮਾਰਤ ਨੂੰ ਢਾਹੁਣ ਦਾ ਠੇਕਾ ਦਿੱਤਾ ਜਾਵੇਗਾ।ਇਸ ਉਪਰੰਤ ਨਵੀਂ ਇਮਾਰਤ ਬਣਾਉਣ ਦਾ ਕੰਮ ਬਹੁਤ ਜਲਦੀ ਸ਼ੁਰੂ ਕਰ ਦਿੱਤਾ ਜਾਵੇਗਾ।

ਇਸ ਸੰਬੰਧੀ ਪਿੰਡ ਵਿੱਚੋਂ ਹੀ ਸਰਕਾਰੀ ਹਦਾਇਤਾਂ ਅਨੁਸਾਰ ਇੱਕ ਕਮੇਟੀ ਦਾ ਗਠਨ ਕੀਤਾ ਜਾਵੇਗਾ। ਪੁਰਾਣੀ ਇਮਾਰਤ ਨੂੰ ਢਾਹੁਣ ਲਈ ਠੇਕਾ ਲੈਣ ਵਾਲੇ ਜਸਪ੍ਰੀਤ ਸਿੰਘ ਜੱਸੀ (99880-95589)ਨਾਲ ਸੰਪਰਕ ਕਰ ਸਕਦੇ ਹਨ।

ਸਰਹੱਦ ਪਾਰੋਂ ਚਲਾਏ ਜਾ ਰਹੇ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫ਼ਾਸ਼ ; 10 ਪਿਸਤੌਲਾਂ, 2.5 ਲੱਖ ਰੁਪਏ ਹਵਾਲਾ ਰਾਸ਼ੀ ਸਮੇਤ ਤਿੰਨ ਗ੍ਰਿਫ਼ਤਾਰ

**➢ ਪਾਕਿਸਤਾਨੀ ਹੈਂਡਲਰਾਂ ਦੇ ਸੰਪਰਕ ਵਿੱਚ ਸਨ ਗ੍ਰਿਫ਼ਤਾਰ ਕੀਤੇ ਗ

ਪੰਜਾਬ ਕੈਬਨਿਟ ਵੱਲੋਂ ਧਰਮਸੋਤ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਲਈ ਹਰੀ ਝੰਡੀ

ਕੈਬਨਿਟ ਮੀਟਿੰਗ ਵਿੱਚ ਅਹਿਮ ਫੈਸਲੇ ਲਏ; ਐੱਨਆਈਏ ਦੇ ਕੇਸਾਂ ਦਾ ਨਿਪਟਾਰਾ ਕਰਨ ਲਈ ਮੁਹਾਲੀ ਵਿੱਚ ਬਣਾਈ ਜਾਵੇਗੀ ਵਿਸ਼ੇਸ਼ ਅਦਾਲਤ

ਚੰਡੀਗੜ੍ਹ, 24 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮ ਸੋਤ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਚਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਕੇਸ ਵਿਜਲੈਂਸ ਬਿਊਰੋ ਵੱਲੋਂ ਜੂਨ 2022 ਵਿੱਚ ਦਰਜ ਕੀਤਾ ਗਿਆ ਸੀ।

ਪੰਜਾਬ ਮੰਤਰੀ ਮੰਡਲ ਨੇ ਅੱਜ ਇਸ ਮਾਮਲੇ ਵਿੱਚ ਅਗਲੇਰੀ ਕਾਰਵਾਈ ਚਲਾਉਣ ਦੀ ਪ੍ਰਵਾਨਗੀ ਲਈ ਰਾਜਪਾਲ ਨੂੰ ਸਿਫਾਰਿਸ਼ ਕਰ ਦਿੱਤੀ ਹੈ।

ਇਸ ਤੋਂ ਇਲਾਵਾ ਮੰਤਰੀ ਮੰਡਲ ਨੇ ਪੰਜਾਬ ਵਿੱਚ ਐੱਨਆਈਏ ਚੱਲ ਰਹੇ ਵੱਖ-ਵੱਖ ਅਦਾਲਤਾਂ ਵਿੱਚ ਕੇਸਾਂ ਦਾ ਨਿਪਟਾਰਾ ਕਰਨ ਲਈ ਮੁਹਾਲੀ ਵਿਖੇ ਵਿਸ਼ੇਸ਼ ਅਦਾਲਤ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ।

ਜਿੰਥੇ ਸੈਸ਼ਨ ਜੱਜ ਅਤੇ ਵਧੀਕ ਸੈਸ਼ਨ ਜੱਜ ਵੱਲੋਂ ਐੱਨਆਈਏ ਦੇ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ। ਇਸ ਦੇ ਨਾਲ ਹੀ ਪੰਜਾਬ ਮੰਤਰੀ ਮੰਡਲ ਨੇ ਪੇਂਡੂ ਵਿਕਾਸ ਵਿਭਾਗ ਦੀਆਂ ਪਗਡੰਡੀਆਂ ਅਤੇ ਖਾਲਿਆਂ 'ਤੇ ਕਬਜ਼ੇ ਕਰਨ ਵਾਲਿਆਂ ਤੋਂ ਵਸੂਲੀ ਕਰਨ ਲਈ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਲਈ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਕਮੇਟੀ ਵੱਲੋਂ ਕੀਮਤ ਤੈਅ ਕੀਤੀ ਜਾਵੇਗੀ।

ਪੰਜਾਬ ਮੰਤਰੀ ਮੰਡਲ ਨੇ ਵੱਖ-ਵੱਖ ਨਿਯਮਾਂ ਤਹਿਤ ਟੈਕਸ ਦਾ ਭੁਗਤਾਨ ਨਾ ਕਰਨ ਵਾਲੇ ਵਪਾਰੀਆਂ ਨੂੰ ਵੱਡੀ ਰਾਹਤ ਦਿੰਦਿਆ ਓਟੀਐੱਸ ਸਕੀਮ ਲਿਆਉਣ ਦੀ ਪ੍ਰਵਾਨਗੀ ਦਿੱਤੀ ਹੈ। ਇਸ ਸਕੀਮ ਤਹਿਤ ਵਪਾਰੀਆਂ ਤੋਂ ਜੁਰਮਾਨਾ ਅਤੇ ਵਿਆਜ ਵਿੱਚ ਛੂਟ ਦਿੱਤੀ ਜਾਵੇਗੀ।

ਇਹ ਸਕੀਮ 31 ਦਸੰਬਰ 2025 ਤੱਕ ਲਾਗੂ ਹੋਵੇਗੀ। ਇਸ ਤੋਂ ਬਾਅਦ ਸੂਬਾ ਸਰਕਾਰ ਵੱਲੋਂ ਬਕਾਇਆ ਭੁਗਤਾਨ ਨਾ ਕਰਨ ਵਾਲਿਆਂ ਵਿਰੁੱਧ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ।

ਬਿਹਾਰ ਚੋਣਾਂ ਮੋਦੀ ਸਰਕਾਰ ਦੇ 'ਭ੍ਰਿਸ਼ਟ ਸ਼ਾਸਨ' ਦੇ ਅੰਤ ਦਾ ਆਗਾਜ਼ ਹੋਣਗੀਆਂ: ਖੜਗੇ

ਪਟਨਾ 'ਚ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਸ਼ੁਰੂ, ਬਿਹਾਰ ਵਿਧਾਨ ਸਭਾ ਚੋਣਾਂ ਅਤੇ 'ਵੋਟ ਚੋਰੀ' ਉੱਤੇ ਹੋਵੇਗੀ ਚਰਚਾ

ਪਟਨਾ, 24 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਜਪਾ ਨੂੰ ਲੰਮੇ ਹੱਥੀਂ ਲੈਂਦਿਆਂ ਇਸ 'ਤੇ 'ਵੋਟ ਚੋਰੀ' ਅਤੇ ਫਿਰਕੂ ਧਰੁਵੀਕਰਨ ਦਾ ਦੋਸ਼ ਲਗਾਇਆ। ਖੜਗੇ ਨੇ ਜ਼ੋਰ ਦੇ ਕੇ ਕਿਹਾ ਕਿ ਬਿਹਾਰ ਵਿਧਾਨ ਸਭਾ ਚੋਣਾਂ ਮੋਦੀ ਸਰਕਾਰ ਦੇ 'ਭ੍ਰਿਸ਼ਟ ਸ਼ਾਸਨ' ਦੇ ਅੰਤ ਦੀ ਸ਼ੁਰੂਆਤ ਹੋਣਗੀਆਂ।ਇੱਥੇ ਕਾਂਗਰਸ ਵਰਕਿੰਗ ਕਮੇਟੀ (ਸੀਡਬਲਯੂਸੀ) ਦੀ ਮੀਟਿੰਗ ਵਿੱਚ ਆਪਣੀ ਸ਼ੁਰੂਆਤੀ ਟਿੱਪਣੀ ਵਿੱਚ ਖੜਗੇ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਹਾਲੀਆ ਬਿਆਨਾਂ ਅਤੇ ਕਾਰਵਾਈਆਂ ਦਾ ਸਪੱਸ਼ਟ ਹਵਾਲਾ ਵੀ ਦਿੱਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਿਆ।

ਖੜਗੇ ਨੇ ਕਿਹਾ, "ਕੌਮਾਂਤਰੀ ਪੱਧਰ 'ਤੇ ਸਾਡੀਆਂ ਸਮੱਸਿਆਵਾਂ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦੀ ਕੂਟਨੀਤਕ ਅਸਫਲਤਾ ਦਾ ਨਤੀਜਾ ਹਨ। ਜਿਨ੍ਹਾਂ ਦੋਸਤਾਂ ਨੂੰ ਪ੍ਰਧਾਨ ਮੰਤਰੀ 'ਮੇਰੇ ਦੋਸਤ' ਕਹਿ ਕੇ ਮਾਣ ਕਰਦੇ ਹਨ, ਉਹ ਅੱਜ ਭਾਰਤ ਨੂੰ ਕਈ ਮੁਸੀਬਤਾਂ ਵਿੱਚ ਪਾ ਰਹੇ ਹਨ।" ਕਾਂਗਰਸ ਪ੍ਰਧਾਨ ਨੇ ਕਿਹਾ, "ਅੱਜ, ਜਦੋਂ ਸਾਡੀ ਵੋਟਰ ਸੂਚੀ ਨਾਲ ਅਧਿਕਾਰਤ ਤੌਰ 'ਤੇ ਛੇੜਛਾੜ ਕੀਤੀ ਜਾ ਰਹੀ ਹੈ, ਤਾਂ ਇਹ ਜ਼ਰੂਰੀ ਹੈ ਕਿ ਅਸੀਂ ਲੋਕਤੰਤਰ ਦੀ ਮਾਂ ਬਿਹਾਰ ਵਿੱਚ ਆਪਣੀ ਵਿਸਤ੍ਰਿਤ 3➡3 ਮੀਟਿੰਗ ਕਰੀਏ ਅਤੇ ਇਸ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ ਦੀ ਰੱਖਿਆ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਈਏ।"

ਖੜਗੇ ਨੇ ਜ਼ੋਰ ਦੇ ਕੇ ਆਖਿਆ ਕਿ ਲੋਕਤੰਤਰ ਦੀ ਨੀਂਹ ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਹਨ। ਉਨ੍ਹਾਂ ਕਿਹਾ ਕਿ ਅੱਜ ਚੋਣ ਕਮਿਸ਼ਨ ਦੀ ਨਿਰਪੱਖਤਾ ਅਤੇ ਪਾਰਦਰਸ਼ਤਾ ਬਾਰੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਖੜਗੇ ਨੇ ਕਿਹਾ ਕਿ ਵੱਖ-ਵੱਖ ਰਾਜਾਂ ਤੋਂ ਹੋਏ ਖੁਲਾਸਿਆਂ ਬਾਰੇ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ, ਚੋਣ ਕਮਿਸ਼ਨ ਸਾਡੇ ਤੋਂ ਹਲਫ਼ਨਾਮੇ ਦੀ ਮੰਗ ਕਰ ਰਿਹਾ ਹੈ। ਖੜਗੇ ਨੇ ਬਿਹਾਰ ਵਿਚ SIR ਦੇ ਹਵਾਲੇ ਨਾਲ ਕਿਹਾ ਕਿ ਬਿਹਾਰ ਦੀ ਮਿਸਾਲ ਤੋਂ ਬਾਅਦ, ਹੁਣ ਦੇਸ਼ ਭਰ ਵਿੱਚ ਲੱਖਾਂ ਲੋਕਾਂ ਦੀਆਂ ਵੋਟਾਂ ਨੂੰ ਹਟਾਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।

ਉਨ੍ਹਾਂ ਕਿਹਾ, "ਵੋਟ ਚੋਰੀ ਦਾ ਅਰਥ ਹੈ ਰਾਸ਼ਨ, ਪੈਨਸ਼ਨ, ਦਵਾਈ, ਬੱਚਿਆਂ ਦੇ ਵਜ਼ੀਫ਼ੇ ਅਤੇ ਦਲਿਤਾਂ, ਆਦਿਵਾਸੀਆਂ, ਪੱਛੜੇ ਵਰਗਾਂ, ਬਹੁਤ ਪੱਛੜੇ ਵਰਗਾਂ, ਘੱਟ ਗਿਣਤੀਆਂ, ਕਮਜ਼ੋਰਾਂ ਅਤੇ ਗਰੀਬਾਂ ਨਾਲ ਸਬੰਧਤ ਪ੍ਰੀਖਿਆ ਫੀਸਾਂ ਦੀ ਚੋਰੀ।" ਖੜਗੇ ਨੇ ਕਿਹਾ ਕਿ 'ਵੋਟਰ ਅਧਿਕਾਰ ਯਾਤਰਾ' ਨੇ ਬਿਹਾਰ ਦੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ, ਅਤੇ ਉਹ ਖੁੱਲ੍ਹ ਕੇ ਰਾਹੁਲ ਗਾਂਧੀ ਦੇ ਸਮਰਥਨ ਵਿੱਚ ਸਾਹਮਣੇ ਆਏ ਹਨ। ਉਨ੍ਹਾਂ ਕਿਹਾ, "ਅੱਜ, ਸਾਡਾ ਦੇਸ਼ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਵਿੱਚ ਆਰਥਿਕ ਮੰਦੀ, ਬੇਰੁਜ਼ਗਾਰੀ, ਸਮਾਜਿਕ ਧਰੁਵੀਕਰਨ, ਅਤੇ ਖੁਦਮੁਖਤਿਆਰ ਸੰਵਿਧਾਨਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣਾ ਅਤੇ ਕਮਜ਼ੋਰ ਕਰਨਾ ਸ਼ਾਮਲ ਹੈ।"

ਖੜਗੇ ਨੇ ਕਿਹਾ, "2 ਕਰੋੜ ਨੌਕਰੀਆਂ" ਦਾ ਵਾਅਦਾ ਅਜੇ ਵੀ ਅਧੂਰਾ ਹੈ। ਨੌਜਵਾਨ ਰੁਜ਼ਗਾਰ ਤੋਂ ਬਿਨਾਂ ਭਟਕ ਰਹੇ ਹਨ। ਨੋਟਬੰਦੀ ਅਤੇ ਇੱਕ ਗਲਤ ਜੀਐਸਟੀ ਨੇ ਅਰਥਚਾਰੇ ਨੂੰ ਲੀਹੋਂ ਲਾਹ ਦਿੱਤਾ ਹੈ। ਅੱਠ ਸਾਲਾਂ ਬਾਅਦ, ਪ੍ਰਧਾਨ ਮੰਤਰੀ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਹੁਣ, ਜੀਐਸਟੀ ਵਿੱਚ ਉਹੀ ਸੁਧਾਰ ਪੇਸ਼ ਕੀਤੇ ਗਏ ਹਨ ਜਿਨ੍ਹਾਂ ਦੀ ਕਾਂਗਰਸ ਪਾਰਟੀ ਪਹਿਲੇ ਦਿਨ ਤੋਂ ਮੰਗ ਕਰ ਰਹੀ ਸੀ।"

ਉਨ੍ਹਾਂ ਦਾਅਵਾ ਕੀਤਾ ਕਿ ਐਨਡੀਏ ਗੱਠਜੋੜ ਦਾ 'ਅੰਦਰੂਨੀ ਕਲੇਸ਼' ਹੁਣ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਉਨ੍ਹਾਂ ਦਾਅਵਾ ਕੀਤਾ, "ਭਾਜਪਾ ਨੇ ਨਿਤੀਸ਼ ਕੁਮਾਰ ਨੂੰ ਮਾਨਸਿਕ ਤੌਰ 'ਤੇ ਸੇਵਾਮੁਕਤ ਕਰ ਦਿੱਤਾ ਹੈ। ਭਾਜਪਾ ਹੁਣ ਉਨ੍ਹਾਂ ਨੂੰ ਬੋਝ ਸਮਝਦੀ ਹੈ।"

ਖੜਗੇ ਨੇ ਕਿਹਾ ਕਿ ਜਨਤਾ ਜਾਤੀ ਜਨਗਣਨਾ ਅਤੇ ਰਾਖਵਾਂਕਰਨ ਨੀਤੀਆਂ ਵਿੱਚ ਪਾਰਦਰਸ਼ਤਾ ਚਾਹੁੰਦੀ ਹੈ। ਉਨ੍ਹਾਂ ਕਿਹਾ, "2025 ਦੀਆਂ ਵਿਧਾਨ ਸਭਾ ਚੋਣਾਂ ਨਾ ਸਿਰਫ਼ ਬਿਹਾਰ ਲਈ ਸਗੋਂ ਪੂਰੇ ਦੇਸ਼ ਲਈ ਇੱਕ ਮੀਲ ਪੱਥਰ ਸਾਬਤ ਹੋਣਗੀਆਂ। ਇਹ ਮੋਦੀ ਸਰਕਾਰ ਦੇ ਭ੍ਰਿਸ਼ਟ ਸ਼ਾਸਨ ਦੀ ਉਲਟੀ ਗਿਣਤੀ ਅਤੇ ਅੰਤ ਦੀ ਸ਼ੁਰੂਆਤ ਹੋਵੇਗੀ।"

ਵਰਕਿੰਗ ਕਮੇਟੀ ਮੀਟਿੰਗ ਵਿੱਚ ਖੜਗੇ, ਸਾਬਕਾ ਪਾਰਟੀ ਮੁਖੀ ਰਾਹੁਲ ਗਾਂਧੀ, ਖਜ਼ਾਨਚੀ ਅਜੈ ਮਾਕਨ, ਜਨਰਲ ਸਕੱਤਰ ਕੇਸੀ ਵੇਣੂਗੋਪਾਲ, ਜੈਰਾਮ ਰਮੇਸ਼ ਅਤੇ ਸਚਿਨ ਪਾਇਲਟ, ਬਿਹਾਰ ਕਾਂਗਰਸ ਮੁਖੀ ਰਾਜੇਸ਼ ਕੁਮਾਰ ਸਮੇਤ ਹੋਰ ਸੀਨੀਅਰ ਕਾਂਗਰਸੀ ਆਗੂਆਂ ਨੇ ਹਿੱਸਾ ਲਿਆ। 3➡3 ਦੀ ਮੀਟਿੰਗ ਵਿੱਚ ਸਥਾਈ ਸੱਦੇ ਅਤੇ ਵਿਸ਼ੇਸ਼ ਸੱਦੇ ਤਹਿਤ ਪਾਰਟੀ-ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀ, ਰਾਜ ਇਕਾਈਆਂ ਦੇ ਪ੍ਰਧਾਨ ਅਤੇ ਕਾਂਗਰਸ ਵਿਧਾਨਕ ਪਾਰਟੀ (3*♦) ਦੇ ਆਗੂ ਵੀ ਸ਼ਾਮਲ ਹੋਏ। ਸੁਤੰਤਰ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ, ਕਾਂਗਰਸ ਵਰਕਿੰਗ ਕਮੇਟੀ ਬਿਹਾਰ ਵਿੱਚ ਮੀਟਿੰਗ ਕਰ ਰਹੀ ਹੈ।

ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਖੜਗੇ ਨੇ ਪਾਰਟੀ ਦਾ ਝੰਡਾ ਲਹਿਰਾਇਆ ਅਤੇ ਫਿਰ ਪਾਰਟੀ ਆਗੂਆਂ ਨੇ ਰਾਸ਼ਟਰੀ ਗੀਤ ਗਾਇਆ। ਇਹ ਮੀਟਿੰਗ ਮਹਾਂਗਠਜੋੜ ਦੇ ਭਾਈਵਾਲਾਂ ਵਿਚਕਾਰ ਸੀਟਾਂ ਦੀ ਵੰਡ ਬਾਰੇ ਗੱਲਬਾਤ ਦੌਰਾਨ ਅਤੇ ਰਾਹੁਲ ਗਾਂਧੀ ਦੀ ਕਥਿਤ 'ਵੋਟ ਚੋਰੀ' ਅਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ (SIR) ਵਿਰੁੱਧ 'ਵੋਟਰ ਅਧਿਕਾਰ ਯਾਤਰਾ' ਤੋਂ ਬਾਅਦ ਹੋ ਰਹੀ ਹੈ।

ਰਾਹੁਲ ਗਾਂਧੀ ਦੇ ਦੌਰੇ ਨੂੰ ਕਾਂਗਰਸੀ ਵਰਕਰਾਂ ਵਿਚ ਨਵੀਂ ਊਰਜਾ ਭਰਨ ਅਤੇ ਚੋਣ ਤਿਆਰੀਆਂ ਨੂੰ ਤੇਜ਼ ਕਰਨ ਵਜੋਂ ਦੇਖਿਆ ਜਾ ਰਿਹਾ ਹੈ। ਬਿਹਾਰ ਵਿਧਾਨ ਸਭਾ ਚੋਣਾਂ ਇਸ ਸਾਲ ਅਕਤੂਬਰ-ਨਵੰਬਰ ਵਿੱਚ ਹੋਣ ਦੀ ਸੰਭਾਵਨਾ ਹੈ।

ਯੂਕਰੇਨ ਦੇ ਰਾਸ਼ਟਰਪਤੀ ਜ਼ੇਲੈਂਸਕੀ ਨੇ ਕਿਹਾ ਕਿ ਭਾਰਤ 'ਜ਼ਿਆਦਾਤਰ ਸਾਡੇ ਨਾਲ

ਵਾਸ਼ਿੰਗਟਨ, 24 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਕਿਹਾ ਕਿ ਭਾਰਤ ÷ਜ਼ਿਆਦਾਤਰ ਸਾਡੇ ਨਾਲ÷ ਹੈ ਅਤੇ ਉਮੀਦ ਜ਼ਾਹਰ ਕੀਤੀ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਖਲ ਨਾਲ ਨਵੀਂ ਦਿੱਲੀ ਰੂਸੀ ਊਰਜਾ ਖੇਤਰ ਪ੍ਰਤੀ ਆਪਣਾ ਰਵੱਈਆ ਬਦਲੇਗਾ।

ਜ਼ੇਲੈਂਸਕੀ ਫੋਕਸ ਨਿਊਜ਼ ਨੂੰ ਇੱਕ ਇੰਟਰਵਿਊ ਦੌਰਾਨ ਚੀਨ ਅਤੇ ਭਾਰਤ ਵੱਲੋਂ ਰੂਸ ਦੀ ਯੂਕਰੇਨ ਵਿਰੁੱਧ ਜੰਗ ਵਿੱਚ ਯੋਗਦਾਨ ਪਾਉਣ ਬਾਰੇ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ। ਅਮਰੀਕਾ ਨੇ ਅਕਸਰ ਭਾਰਤ ਅਤੇ ਚੀਨ ਨੂੰ ਰੂਸੀ ਤੇਲ ਖਰੀਦਣ ਲਈ ਜ਼ਿੰਮੇਵਾਰ ਠਹਿਰਾਇਆ ਹੈ, ਜਿਸ ਬਾਰੇ ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਹੈ ਕਿ ਇਹ ਮਾਸਕੋ ਦੀ ਯੂਕਰੇਨ ਵਿਰੁੱਧ ਜੰਗ ਲਈ ਫੰਡ ਦਿੰਦਾ ਹੈ।

ਜ਼ੇਲੈਂਸਕੀ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਭਾਰਤ ਜ਼ਿਆਦਾਤਰ ਸਾਡੇ ਨਾਲ ਹੈ। ਹਾਂ, ਸਾਡੇ ਕੋਲ ਊਰਜਾ ਨਾਲ ਸਬੰਧਤ ਇਹ ਸਵਾਲ ਹਨ, ਪਰ ਮੈਨੂੰ ਲੱਗਦਾ ਹੈ ਕਿ ਰਾਸ਼ਟਰਪਤੀ ਟਰੰਪ ਯੂਰਪੀਅਨਾਂ ਨਾਲ ਇਸਦਾ ਪ੍ਰਬੰਧ ਕਰ ਸਕਦੇ ਹਨ, ਭਾਰਤ ਨਾਲ ਹੋਰ ਨਜ਼ਦੀਕੀ ਅਤੇ ਮਜ਼ਬੂਤ ਸਬੰਧ ਬਣਾ ਸਕਦੇ ਹਨ।"

ਉਹ ਇੱਕ ਫੋਕਸ ਨਿਊਜ਼ ਇੰਟਰਵਿਊਰ ਦੁਆਰਾ ਇੱਕ ਖਾਸ ਸਵਾਲ ਦਾ ਜਵਾਬ ਦੇ ਰਹੇ ਸਨ: '

ਜ਼ੇਲੈਂਸਕੀ ਨੇ ਕਿਹਾ, "ਮੈਂ ਚੀਨ ਬਾਰੇ ਯਕੀਨੀ ਹਾਂ, ਇਹ ਵਧੇਰੇ ਮੁਸ਼ਕਲ ਹੈ ਕਿਉਂਕਿ ਇਹ ਅੱਜ ਲਈ ਨਹੀਂ ਹੈ। ਰੂਸ ਦਾ ਸਮਰਥਨ ਨਾ ਕਰਨਾ ਉਨ੍ਹਾਂ ਦੇ ਹਿੱਤ ਵਿੱਚ ਨਹੀਂ ਹੈ।" ਉਨ੍ਹਾਂ ਇਹ ਵੀ ਕਿਹਾ, ÷ਮੈਨੂੰ ਲੱਗਦਾ ਹੈ ਕਿ ਈਰਾਨ ਕਦੇ ਵੀ ਸਾਡੇ ਪੱਖ ਵਿੱਚ ਨਹੀਂ ਹੋਵੇਗਾ, ਕਿਉਂਕਿ ਅਸੀਂ ਕਦੇ ਵੀ ਸੰਯੁਕਤ ਰਾਜ ਦੇ ਪੱਖ ਵਿੱਚ ਨਹੀਂ ਹੋਵਾਂਗੇ।÷

ਜ਼ੇਲੈਂਸਕੀ ਨੇ ਕਿਹਾ, "ਜੇ ਚੀਨ ਸੱਚਮੁੱਚ ਇਸ ਜੰਗ ਨੂੰ ਰੋਕਣਾ ਚਾਹੁੰਦਾ, ਤਾਂ ਇਹ ਮਾਸਕੋ ਨੂੰ ਹਮਲਾ ਖਤਮ ਕਰਨ ਲਈ ਮਜਬੂਰ ਕਰ ਸਕਦਾ ਸੀ। ਚੀਨ ਤੋਂ ਬਿਨਾਂ ਪੁਤਿਨ ਦਾ ਰੂਸ ਕੁਝ ਵੀ ਨਹੀਂ ਹੈ। ਫਿਰ ਵੀ ਅਕਸਰ ਚੀਨ ਸ਼ਾਂਤੀ ਲਈ ਸਰਗਰਮ ਹੋਣ ਦੀ ਬਜਾਏ ਚੁੱਪ ਅਤੇ ਦੂਰ ਰਹਿੰਦਾ ਹੈ।"

ਪੰਜਾਬ ਵਿੱਚ ਰਾਜ ਸਭਾ ਦੀ ਖਾਲੀ ਸੀਟ ਲਈ ਜ਼ਿਮਨੀ ਚੋਣ 24 ਅਕਤੂਬਰ ਨੂੰ ; ਚੋਣ ਕਮਿਸ਼ਨ ਵੱਲੋਂ ਸ਼ਡਿਊਲ ਜਾਰੀ

ਚੰਡੀਗੜ੍ਹ, 24 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਰਾਜ ਸਭਾ ਵਿਚ ਪੰਜਾਬ ਦੇ ਹਿੱਸੇ ਦੀ ਖਾਲੀ ਸੀਟ ਲਈ ਜ਼ਿਮਨੀ ਚੋਣ 24 ਅਕਤੂਬਰ ਨੂੰ ਹੋਵੇਗੀ। ਭਾਰਤੀ ਚੋਣ ਕਮਿਸ਼ਨ ਨੇ ਇਸ ਲਈ ਅੱਜ ਸ਼ਡਿਊਲ ਜਾਰੀ ਕਰ ਦਿੱਤਾ ਹੈ।

ਕਮਿਸ਼ਨ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਜ਼ਿਮਨੀ ਚੋਣ ਲਈ ਨੋਟੀਫਿਕੇਸ਼ਨ 6 ਅਕਤੂਬਰ ਨੂੰ ਰਸਮੀ ਤੌਰ 'ਤੇ ਜਾਰੀ ਕੀਤਾ ਜਾਵੇਗਾ। ਨਾਮਜ਼ਦਗੀਆਂ ਭਰਨ ਦੀ ਆਖਰੀ ਤਰੀਕ 13 ਅਕਤੂਬਰ ਹੋਵੇਗੀ।

ਇਸ ਤੋਂ ਬਾਅਦ ਨਾਮਜ਼ਦਗੀਆਂ ਦੀ ਪੜਤਾਲ 14 ਅਕਤੂਬਰ ਨੂੰ ਅਤੇ ਵਾਪਸੀ 16 ਅਕਤੂਬਰ ਨੂੰ ਹੋਵੇਗੀ।

ਰਾਜ ਸਭਾ ਦੀ ਸੀਟ ਲਈ ਵੋਟਿੰਗ 24 ਅਕਤੂਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ ਅਤੇ ਨਤੀਜੇ ਉਸੇ ਦਿਨ ਸ਼ਾਮ ਨੂੰ ਐਲਾਨੇ ਜਾਣਗੇ।

ਜ਼ਿਕਰਯੋਗ ਹੈ ਕਿ ਸੰਜੀਵ ਅਰੋੜਾ ਨੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਰਾਜ ਸਭਾ ਮੈਂਬਰ ਵਜੋਂ ਅਸਤੀਫਾ ਦੇ ਦਿੱਤਾ ਸੀ।

ਲੇਹ ਵਿਚ ਰਾਜ ਦੇ ਦਰਜੇ ਨੂੰ ਲੈ ਕੇ ਹਿੰਸਾ ਭੜਕੀ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਝੜਪ

ਪ੍ਰਦਰਸ਼ਨਕਾਰੀਆਂ ਨੇ ਵਾਹਨਾਂ ਨੂੰ ਅੱਗ ਲਾਈ, ਪੁਲਿਸ ਵੱਲੋਂ ਅਥਰੂ ਗੈਸ ਦੀ ਵਰਤੋਂ, ਲਾਠੀਆਂ ਵੀ ਵਰ੍ਹਾਈਆਂ

ਲੇਹ, 24 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁਕ ਦੀ 35 ਦਿਨਾਂ ਦੀ ਭੁੱਖ ਹੜਤਾਲ ਦਾ ਸਮਰਥਨ ਕਰਨ ਵਾਲੇ ਦੋ ਲੋਕਾਂ ਦੀ ਸਿਹਤ ਵਿਗੜਨ ਤੋਂ ਬਾਅਦ ਬੁੱਧਵਾਰ ਸਵੇਰੇ ਲੱਦਾਖ ਦੇ ਲੇਹ ਜ਼ਿਲ੍ਹੇ ਵਿੱਚ ਹਿੰਸਕ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ। ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁਕ ਲੱਦਾਖ ਨੂੰ ਰਾਜ ਦਾ ਦਰਜਾ ਦੇਣ ਅਤੇ ਛੇਵੀਂ ਅਨੁਸੂਚੀ ਵਿਚ ਸ਼ਾਮਲ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਪਿਛਲੇ 35 ਦਿਨਾਂ ਤੋਂ ਭੁੱਖ ਹੜਤਾਲ 'ਤੇ ਹਨ।

ਲੇਹ

ਸ੍ਰੀ ਗੁਰੂ ਨਾਨਕ ਦੇਵ ਜੀ - ਜੀਵਨ ਅਤੇ ਚਿੰਤਨ

- ਡਾ. ਹਰਜਿੰਦਰ ਸਿੰਘ ਦਿਲਗੀਰ

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਸਨ। ਉਹ ਰੂਹਾਨੀ ਦੁਨੀਆਂ ਦੇ ਨਵੇਂ ਯੁੱਗ ਦੇ ਮੋਢੀ ਸਨ। ਉਹ ਰੂਹਾਨੀ ਜਹਾਨ ਦੇ ਲਾਸਾਨੀ ਫਿਲਾਸਫਰ ਵੀ ਸਨ।

ਗੁਰੂ ਨਾਨਕ ਸਾਹਿਬ ਅਜੀਮ ਸ਼ਖ਼ਸੀਅਤ ਸਨ। ਉਹ ਇਕ 'ਰੂਹਾਨੀ ਚੁੰਬਕ' ਲੋਹੇ ਦੇ ਹਰ ਇਕ ਕਣ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ, ਉਵੇਂ ਹੀ ਗੁਰੂ ਨਾਨਕ ਸਾਹਿਬ ਹਰ ਇਨਸਾਨ ਨੂੰ ਆਪਣੇ ਸਿਖਿਆ ਨਾਲ ਸਿੱਖ ਬਣਾ ਲੈਂਦੇ ਸਨ। ਗੁਰੂ ਸਾਹਿਬ ਨੇ ਵੱਡੇ ਵੱਡੇ ਆਲਮ ਤੇ ਫਾਜਲ (ਵਿਦਵਾਨ) ਲੋਕ, ਰਾਜੇ-ਮਹਾਰਾਜੇ, ਜਗੀਰਦਾਰ, ਚੌਧਰੀ, ਅਮੀਰ ਤੇ ਸ਼ਾਹ, ਮਿਹਨਤਕਸ਼ ਤੇ ਫਕੀਰ ਆਪ ਨੇ ਮੁਰੀਦ ਬਣਾਏ। ਭਾਵੇਂ ਗੁਰੂ ਸਾਹਿਬ ਨੇ ਕਿਸੇ ਨੂੰ ਸਿੱਖ ਬਣਨ ਵਾਸਤੇ ਨਹੀਂ ਕਿਹਾ ਪਰ ਜੋ ਵੀ ਸ਼ਖ਼ਸ ਉਨ੍ਹਾਂ ਨੂੰ ਮਿਲਿਆ ਉਹ ਸਦਾ ਵਾਸਤੇ ਉਨ੍ਹਾਂ ਦਾ ਨਾਮ ਲੇਵਾ ਹੋ ਗਿਆ।

ਗੁਰੂ ਸਾਹਿਬ ਮਹਾਨ ਪ੍ਰਚਾਰਕ ਸਨ। ਉਨ੍ਹਾਂ ਨੇ 40-50 ਹਜ਼ਾਰ ਕਿਲੋਮੀਟਰ ਪੈਦਲ ਚੱਲ ਕੇ ਕਈ ਮੁਲਕਾਂ ਦਾ ਦੌਰਾ ਕੀਤਾ ਅਤੇ ਸੈਂਕੜੇ ਨਗਰਾਂ ਦੇ ਲੋਕਾਂ ਨੂੰ ਰੂਹਾਨੀਅਤ ਦਾ ਪਾਠ ਪੜਾਇਆ। ਉਨ੍ਹਾਂ ਨੇ ਲੋਕਾਂ ਦੀ ਸਾਮਾਜਿਕ ਅਤੇ ਧਾਰਮਿਕ ਜ਼ਿੰਦਗੀ ਵੀ ਬਦਲ ਦਿਤੀ। ਉਹ ਪੰਜਾਬ ਦੇ ਪਹਿਲੇ ਤਾਰੀਖਦਾਨ (ਇਤਿਹਾਸਕਾਰ) ਵੀ ਸਨ। ਉਨ੍ਹਾਂ ਦੀਆਂ ਰਚਨਾਵਾਂ 'ਬਾਬਰ ਵਾਣੀ', 'ਆਸਾ ਦੀ ਵਾਰ', 'ਸਿੱਧ ਗੋਸ਼ਟ' ਵਗੈਰਾ ਉਸ ਜ਼ਮਾਨੇ ਦੀ ਕੀਮਤੀ ਤਵਾਰੀਖ ਹਨ। ਤਵਾਰੀਖ ਦੀ ਅਜਿਹੀ ਕਮਾਲ ਦੀ ਜਾਣਕਾਰੀ ਤੇ ਬਿਆਨ ਉਨ੍ਹਾਂ ਤੋਂ ਬਾਅਦ ਦੇ ਲੇਖਕਾਂ ਵਿਚ ਨਹੀ ਮਿਲਦੀ।

ਗੁਰੂ ਸਾਹਿਬ ਨੇ ਇਨਸਾਨ ਨੂੰ ਅਣਖ ਨਾਲ ਜੀਣ ਦਾ ਪੈਗਾਮ ਦਿਤਾ। ਬੇਗੈਰਤ ਇਨਸਾਨ ਦੀ ਜ਼ਿੰਦਗੀ ਨੂੰ ਉਨ੍ਹਾਂ ਨੇ ਹਰਾਮ ਆਖਿਆ।

ਗੁਰੂ ਸਾਹਿਬ ਨੇ 'ਸਚਿਆਰ' ਦੀ ਜ਼ਿੰਦਗੀ ਜਿਉਣ (ਕਿਰਤ ਕਰਣਾ, ਵੰਡ ਛੱਕਣਾ, ਨਾਮ ਜਪਣਾ) ਦਾ ਸਬਕ ਦਿਤਾ। ਹਰ ਇਨਸਾਨ ਨੂੰ ਕਿਰਤ ਕਮਾਈ ਦੀ, ਹੱਕ ਹਲਾਲ ਦੀ ਤੇ ਇਮਾਨਦਾਰੀ ਦੀ ਕਮਾਈ ਕਰਨੀ ਚਾਹੀਦੀ ਹੈ। ਹਰ ਇਨਸਾਨ ਦਾ ਫਰਜ ਹੈ ਕਿ ਉਹ ਆਪਣੀ ਕਮਾਈ ਵਿਚੋਂ ਦਸਵੰਦ ਕੱਢ ਕੇ ਲੋਕਾਈ ਦੀ ਭਲੇ ਵਾਸਤੇ ਖਰਚ ਕਰੇ ਅਤੇ ਲੋੜਵੰਦਾਂ ਤੇ ਮਜ਼ਬੂਰ ਤੇ ਲਾਚਾਰ ਲੋਕਾਂ ਦੀ ਮਦਦ ਕਰੇ। ਉਨ੍ਹਾਂ ਨੇ ਹਰ ਸਿੱਖ ਨੂੰ ਸਮਾਜ ਦਾ ਫਾਇਦੇ ਵਾਲਾ ਹਿੱਸਾ ਬਣਾਇਆ। ਉਨ੍ਹਾਂ ਆਖਿਆ ਕਿ ਹਰ ਇਨਸਾਨ ਦਾ ਫਰਜ਼ ਹੈ ਕਿ ਉਹ ਲੋਕਾਈ ਦੇ ਭਲੇ ਵਿਚ ਆਪਣਾ ਵੱਧ ਤੋਂ ਵੱਧ ਹਿੱਸਾ ਪਾਵੇ। ਹਰ ਇਨਸਾਨ ਨੂੰ ਕਿਰਤ ਕਰਨ ਤੇ ਵੰਡ ਛੱਕਣ ਦੇ ਨਾਲ-ਨਾਲ ਰੱਬ ਦਾ ਨਾਮ ਵੀ ਜਪਣਾ (ਉਸਨੂੰ ਹਰ ਵੇਲੇ ਯਾਦ ਰੱਖਣਾ) ਚਾਹੀਦਾ ਹੈ। ਰੱਬ ਦਾ ਨਾਮ ਜੱਪਣ ਦਾ ਮਤਲਬ ਹਰ ਵੇਲੇ ਰੱਬ-ਰੱਬ (ਜਾਂ ਵਾਹਿਗੁਰੂ-ਵਾਹਿਗੁਰੂ) ਕਹੀ ਜਾਣਾ ਨਹੀਂ ਹੈ ਬਲਕਿ ਰੱਬ ਨੂੰ ਹਰ ਥਾਂ ਹਾਜ਼ਰ ਨਾਜ਼ਰ ਜਾਣ ਕੇ, ਉਸਦੇ ਪਵਿੱਤਰ ਤੇ ਨਿਰਮਲ ਭਉ ਵਿਚ ਰਹਿ ਕੇ ਜ਼ਿੰਦਗੀ ਜਿਉਣੀ ਚਾਹੀਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਰੱਬ ਨਿੰਰਕਾਰ ਹੈ। ਉਸ ਦਾ ਕੋਈ ਰੰਗ, ਸ਼ਕਲ ਨਹੀਂਹੈ। ਇਸ ਕਰਕੇ ਉਸਦੀ ਕੋਈ ਮੂਰਤੀ ਜਾਂ ਬੁੱਤ ਵੀ ਨਹੀਂ ਹੋ ਸਕਦਾ। ਉਹ ਕਦੇ ਵੀ ਇਨਸਾਨੀ ਰੂਪ ਵਿਚ ਨਹੀਂ ਆਉਂਦਾ। ਅਕਾਲ ਪੁਰਖ ਸਾਰੀ ਦੁਨੀਆਂ ਵਿਚ ਰਮਿਆ ਹੋਇਆ ਹੈ। ਅਸੀਂ ਰੱਬ ਨੂੰ ਉਸਦੀ ਕੁਦਰਤ ਵਿਚੋਂ ਵੇਖ ਸਕਦੇ ਹਾਂ। ਉਸਦੀ ਪੈਦਾ ਕੀਤੀ ਦੁਨੀਆਂ ਤੇ ਅਸੀਂ ਵਿਸਮਾਦ ਜਾਹਿਰ ਕਰ ਸਕਦੇ ਹਾਂ। ਉਸਦੀ ਕੁਦਰਤ ਵਿਚੋਂ ਅਸੀਂ ਉਸਦੀ ਮਹਾਨਤਾ, ਤਾਕਤ ਤੇ ਹੱਸਤੀ ਦਾ ਅਹਿਸਾਸ ਕਰ ਸਕਦੇ ਹਾਂ। ਸਾਰੀ ਦੁਨੀਆਂ, ਸਾਰੀ ਕਾਇਨਾਤ ਉਸਦੇ ਹੁਕਮ ਅਨੁਸਾਰ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਅਕਾਲ ਪੁਰਖ ਦੀ ਨਿਗਾਹ ਵਿਚ ਕੋਈ ਛੋਟਾ ਜਾਂ ਵੱਡਾ ਨਹੀਂ ਹੈ। ਉਸ ਵਾਸਤੇ ਕੋਈ ਚੁਣੇ ਹੋਏ ਜਾਂ ਰੱਦ ਕੀਤੇ ਹੋਏ ਲੋਕ ਨਹੀਂ ਸਨ। ਰੱਬ ਸਾਰੀਆਂ ਤੇ ਇੱਕੋ ਜਿਹੀ ਨਜ਼ਰ ਰੱਖਦਾ ਹੈ।

ਉਸਦੀ ਕਿਰਪਾ, ਮਿਹਰ, ਬਖਸ਼ਿਸ਼, ਉਸਦਾ ਪ੍ਰਸ਼ਾਦ ਹਰ ਇੱਕ ਵਾਸਤੇ ਇਕੋ ਜਿਹਾ ਹੈ। ਇਵੇਂ ਹੀ ਉਸਦਾ ਇਨਸਾਫ ਹਰ ਇੱਕ ਵਾਸਤੇ ਇਕੋ ਜਿਹਾ ਹੈ। ਪਰ ਜਿੰਨਾ ਕੋਲ ਦਇਆ, ਪਿਆਰ, ਨੇਕੀ, ਇਨਸਾਨੀਅਤ ਨਹੀਂ ਹੁੰਦੀ ਤੇ ਜੋ ਖੁਦ ਨਫ਼ਰਤ ਵੰਡਦੇ ਹਨ ਉਹ ਰੱਬ ਦੀ ਬਖਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਨ। ਉਂਝ ਅਜਿਹੇ ਸਖਸ਼ ਦੀ ਮੁੜ ਰੱਬ ਦੇ ਰਸਤੇ ਚੱਲ ਕੇ ਉਸਦੀ ਬਖਸ਼ਿਸ਼ ਹਾਸਲ ਕਰ ਸਕਦੇ ਹਨ। ਇਨਸਾਨ ਨੂੰ ਰੱਬ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਰੱਬ ਨਾਲ ਸ਼ਿਕਵਾ-ਸ਼ਿਕਾਇਤ ਕਰਨਾ ਉਸਦਾ ਭਾਣਾ ਨਾ ਮੰਨਣਾ ਹੈ।

ਗੁਰੂ ਨਾਨਕ ਦੇਵ ਜੀ ਔਰਤ ਨੂੰ ਮਰਦ ਤੋਂ ਨੀਵਾਂ ਦਰਜਾ ਦੇਣ ਨੂੰ ਵੀ ਗੈਰ ਰੂਹਾਨੀ ਸੋਚ ਆਖਦੇ ਹਨ। ਜਿਹੜੀ ਔਰਤ ਰਾਜਿਆਂ ਤੇ ਮਹਾਨ ਰੂਹਾਨੀ ਹੱਸਤੀਆਂ ਨੂੰ ਜਨਮ ਦਿੰਦੀ ਹੈ, ਉਹ ਮਾੜੀ ਕਿੰਝ ਹੋ ਸਕਦੀ ਹੈ?

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਗੁਰੂ ਨਾਨਕ ਦੇਵ ਜੀ ਨੇ ਰੂਹਾਨੀਅਤ ਅਤੇ ਸੇਵਾਂ ਨੂੰ ਇੱਕ ਦੂਜੇ ਦਾ ਪੂਰਕ ਬਣਾਇਆ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਤੋਂ ਬਿਨਾਂ ਧਰਮ ਅਧੂਰਾ ਹੈ ਅਤੇ ਲੋਕਾਈ ਦੇ ਭਲੇ ਤੋਂ ਬਿਨਾਂ ਰੂਹਾਨੀਅਤ ਫੋਕੀ ਹੈ। ਉਨ੍ਹਾਂ ਧਰਮ ਨੂੰ ਭਾਈਚਾਰਕ ਰੂਹਾਨੀਅਤ ਦਾ ਆਧਾਰ ਬਣਾਇਆ।

ਗੁਰੂ ਨਾਨਕ ਦੇਵ ਜੀ ਗ੍ਰਹਿਸਤ ਧਰਮ ਨੂੰ ਇਨਸਾਨ ਵਾਸਤੇ ਸਭ ਤੋਂ ਚੰਗਾ ਰਸਤਾ ਕਹਿੰਦੇ ਹਨ। ਇਸ ਦੁਨੀਆਂ ਵਿਚ ਰਹਿਣ ਵਾਲੇ ਇਨਸਾਨ ਦੀਆਂ ਕੁਝ ਬੁਨਿਆਦੀ ਜਿਸਮਾਨੀ ਲੋੜਾਂ ਵੀ ਹਨ। ਗੁਰੂ ਨਾਨਕ ਦੇਵ ਜੀ ਇਨਸਾਨ ਦੀ ਜ਼ਿੰਦਗੀ ਦੇ ਇਸ ਪਹਿਲੂ ਨੂੰ ਰੱਦ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਇਨਸਾਨ ਨੂੰ ਮੋਹ ਮਾਇਆ ਛੱਡਣੀ ਚਾਹੀਦੀ ਹੈ, ਦੁਨੀਆਂ ਨਹੀਂ। ਇਨਸਾਨ ਨੂੰ ਇਸ ਦੁਨੀਆਂ ਦੀ ਪੱਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ। ਨਾ ਕੀ ਦੁਨੀਆਦਾਰੀ ਹੀ ਛੱਡ ਦੇਣੀ ਚਾਹੀਦੀ ਹੈ। ਦੁਨੀਆਂ ਤਿਆਗਣਾ ਤਾਂ ਮੈਦਾਨ ਵਿਚੋਂ ਦੌੜਨ ਵਾਲੀ ਗੱਲ ਹੈ। ਦੂਜਾ, ਦੁਨੀਆਂ ਤਿਆਗ ਕੇ ਫੇਰ ਗ੍ਰਹਿਸਥੀਆਂ ਤੋਂ ਹੀ ਬੁਨਿਆਦੀ ਜ਼ਰੂਰਤਾਂ ਵਾਸਤੇ ਮਦਦ ਮੰਗਣੀ ਪੈਂਦੀ ਹੈ, ਸੋ ਇਹ ਤਾਂ ਇੱਕ ਕਿਸਮ ਦਾ ਦੰਭ ਹੀ ਹੈ।

ਗੁਰੂ ਨਾਨਕ ਦੇਵ ਜੀ ਦਾ ਸਬਕ ਸੀ ਕਿ ਇਨਸਾਨ ਨੇ ਮੁਕਤੀ ਇਸੇ ਜ਼ਿੰਦਗੀ ਵਿਚ ਹਾਸਲ ਕਰਨੀ ਹੈ। ਸਿੱਖ ਫਲਸਫੇ ਮੁਤਾਬਕ ਆਪਣੇ ਆਪ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹਉਮੈ ਤੋਂ ਬਚਾਅ ਲੈਣਾ ਹੀ ਮੁਕਤੀ ਹੈ। ਮੁਕਤੀ ਕੋਈ ਕਰਨ ਪਿੱਛੋਂ ਹਾਸਲ ਕਰਨ ਵਾਲੀ ਸ਼ੈਅ ਨਹੀਂ ਹੈ। ਮਰਨ ਮਗਰੋਂ ਹਾਸਲ ਹੋਣ ਵਾਲੀ ਤਾਂ ਅਖੌਤੀ ਮੁਕਤੀ ਹੈ। (ਉਸ ਹਿਸਾਬ ਨਾਲ ਤਾਂ ਮੌਤ ਹੀ ਮੁਕਤੀ ਹੈ) ਅਸਲ ਮੁਕਤੀ ਤਾਂ ਜੀਵਨ ਮੁਕਤੀ ਹੈ ਜੋ ਇਨਸਾਨ ਹੀ ਜੀਊਂਦਿਆਂ ਹੀ ਹਾਸਲ ਕਰ ਸਕਦਾ ਹੈ।

ਉਨ੍ਹਾਂ ਨੇ ਇਨਸਾਨ ਨੂੰ ਸਾਦੀ ਜ਼ਿੰਦਗੀ ਜੀਊਣ ਦਾ ਸਬਕ ਦਿੱਤਾ। ਉਨ੍ਹਾਂ ਕਿਹਾ ਕਿ ਬੰਦਾ ਆਪਣੀਆਂ ਖਾਹਿਸ਼ਾਂ ਵਧਾਉਂਦਾ ਵਧਾਉਂਦਾ ਇਸ ਮਾਇਆ ਜਾਲ ਵਿਚ ਫਸ ਜਾਂਦਾ ਹੈ ਤੇ ਫਿਰ ਵਧੀਆਂ ਖਾਹਿਸ਼ਾਂ ਦੀ ਪੂਰਤੀ ਵਾਸਤੇ ਪਾਪ ਕਰ ਕਰਦਾ ਹੈ। ਉਨ੍ਹਾਂ ਨੇ ਕਰਮ ਕਾਂਡ ਤੇ ਧਾਰਮਿਕ ਦਿਖਾਵੇ ਨੂੰ ਪਾਖੰਡ ਦੱਸਿਆ ਅਤੇ ਕਿਹਾ ਕਿ ਚੰਗਾ ਇਨਸਾਨ ਬਣਨਾ ਹੀ ਅਸਲ ਧਰਮ ਹੈ। ਧਰਮ ਵਿਚ ਸੱਚ, ਪਿਆਰ, ਇਨਸਾਨੀਅਤ, ਇਨਸਾਫ, ਸਾਦਾ ਜੀਵਨ, ਲੋਕ ਸੇਵਾ, ਵਿਕਾਰਾਂ ਤੋਂ ਬੱਚਣਾ, ਮਨ ਦੀਆਂ ਖਾਹਿਸ਼ਾਂ ਤੇ ਕਾਬੂ ਪਾਉਣਾ (ਮਨ ਨੂੰ ਜਿੱਤਣਾ) ਹੀ ਅਸਲ ਕਰਮ ਤੇ ਭਗਤੀ ਹਨ।

ਗੁਰੂ ਨਾਨਕ ਦੇਵ ਜੀ ਪਹਿਲੇ ਧਾਰਮਿਕ ਮੁੱਖੀ ਸਨ ਜਿੰਨਾਂ ਨੇ ਧਰਤੀ ਦੀ ਰਚਨਾ ਤੇ ਇਸ ਬ੍ਰਹਿਮੰਡ ਦੀ ਬੇਅੰਤਤਾ ਬਾਰੇ ਅਜੋਕੀ ਸਾਇੰਸ ਤੋਂ ਵੀ ਅਗਲੇਰੀਆਂ ਗੱਲਾਂ ਪੇਸ਼ ਕੀਤੀਆਂ ਸਨ। ਅੱਜ ਜੋ ਕੁਝ ਸਾਇੰਸ ਮੰਨ ਰਹੀ ਹੈ ਉਸਦਾ ਬਹੁਤ ਹਿੱਸਾ ਗੁਰੂ ਨਾਨਕ ਦੇਵ ਜੀ ਦੀ 'ਬਾਣੀ ਵਿਚ ਪਹਿਲੋਂ ਹੀ ਮੌਜੂਦ ਹੈ।

ਵਿਸ਼ਵ ਸ਼ਾਂਤੀ ਤੇ ਧਾਰਮਿਕ ਚੇਤਨਾ ਦੇ ਮੋਢੀ ਗੁਰੂ ਨਾਨਕ ਦੇਵ ਜੀ

ਜਸਮੀਨ ਕੌਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈ: ਨੂੰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ-ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਲਿਆਨ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਹੋਇਆ ਸੀ। ਉਨ੍ਹਾਂ ਦੇ ਆਗਮਨ ਸਮੇਂ ਹਿੰਦੁਸਤਾਨ ਵਿਚ ਅਧਰਮ ਅਤੇ ਕੂੜ ਦਾ ਬੋਲਬਾਲਾ ਸੀ। ਲੋਕ ਫੋਕੇ ਕਰਮਕਾਂਡਾਂ, ਜਾਦੂ-ਟੂਣਿਆਂ ਅਤੇ ਜੰਤਰਾਂ-ਮੰਤਰਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਸਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਵਿਚੋਂ ਵਿਸ਼ਵਾਸ ਟੁੱਟ ਰਿਹਾ ਸੀ। ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ-ਵੰਡ ਨੇ ਕਮਜ਼ੋਰ ਕਰ ਦਿੱਤਾ ਸੀ, ਢਹਿੰਦੀਆਂ ਕਲਾਂ ਵੱਲ ਜਾ ਰਿਹਾ ਸੀ। ਬ੍ਰਾਹਮਣ ਸ਼੍ਰੇਣੀ ਪ੍ਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ ਮਾਇਆ ਦੇ ਲਾਲਚ ਵਿਚ ਲੋਕਾਂ ਨੂੰ ਕਰਮਕਾਂਡਾਂ ਦੇ ਭਰਮ-ਜਾਲ ਵਿਚ ਉਲਝਾ ਰਹੀ ਸੀ। ਖੱਤਰੀ ਆਪਣਾ ਜੁਝਾਰੂਪਣ ਭੁੱਲ ਚੁੱਕੇ ਸਨ। ਸਮਾਜ ਦੇ ਇਸ ਨਿਘਾਰ ਤੋਂ ਮੁਸਲਿਮ ਸਮਾਜ ਵੀ ਨਹੀਂ ਸੀ ਬਚਿਆ। ਮੁਗਲ ਹਕੂਮਤ ਦੇ ਕਰਿੰਦੇ, ਮੁੱਲਾਂ ਤੇ ਕਾਜ਼ੀ, ਸਭ ਜੋਕਾਂ ਵਾਂਗ ਲੋਕਾਂ ਦਾ ਖੂਨ ਚੂਸ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਇਸ ਪ੍ਰਕਾਰ ਸੀ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥
ਭਾਈ ਗੁਰਦਾਸ ਜੀ ਅਨੁਸਾਰ :
ਬਾਬਾ ਦੇਖੈ ਧਿਆਨ ਧਰਿ ਜਲਤੀ
ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁੰ ਗੁਰੂ ਗੁਬਾਰ ਹੈ,
ਹੈ ਹੈ ਕਰਦੀ ਸੁਣੀ ਲੋਕਾਈ।
ਬਾਬੇ ਭੇਖ ਬਣਾਇਆ,
ਉਦਾਸੀ ਕੀ ਰੀਤਿ ਚਲਾਈ।
ਚੜਿਆ ਸੋਧਣਿ ਧਰਤਿ ਲੁਕਾਈ।

ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਸਾਥੀ ਭਾਈ ਬਾਲਾ ਅਤੇ ਰਬਾਬੀ ਭਾਈ ਮਰਦਾਨਾ ਨੂੰ ਸਾਥੀ ਬਣਾ ਪੰਜ ਮਹਾਨ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ, ਜਿਨ੍ਹਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ, ਦੌਰਾਨ ਆਪ ਸੰਸਾਰ ਦੇ ਵੱਖ-ਵੱਖ ਭਾਗਾਂ, ਖਾਸ ਕਰਕੇ ਵਿਭਿੰਨ ਧਰਮਾਂ ਦੇ ਕੇਂਦਰੀ ਅਸਥਾਨਾਂ ਵਿਖੇ ਪੁੱਜੇ ਅਤੇ ਫੋਕੇ ਕਰਮਕਾਂਡਾਂ, ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕਸੰਗਤ ਖੰਡਨ ਕਰਦਿਆਂ ਲੋਕਾਂ ਨੂੰ ਇਕੋ ਪ੍ਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ ਅਤੇ ਧਾਰਮਿਕ ਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਜਰਵਾਣਿਆਂ ਦੇ ਜ਼ੁਲਮਾਂ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਹਮਲਾਵਰ ਬਾਬਰ ਵੱਲੋਂ ਕੀਤੀ ਲੁੱਟ-ਖਸੁੱਟ ਦਾ ਜ਼ਿਕਰ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥

ਗੁਰੂ ਨਾਨਕ ਸਾਹਿਬ ਨੇ ਅਥਾਹ ਬਾਣੀ ਰਚੀ, ਜੋ ਸਿੱਖ ਧਰਮ ਦਾ ਮੂਲ ਆਧਾਰ ਮੰਨੀ ਜਾਂਦੀ ਹੈ। ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਸਿਰਫ ਅਧਿਆਤਮਿਕਤਾ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਸਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਹੋ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜਿਊਣ ਦੇ ਯੋਗ ਬਣਾਇਆ। ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿਚ ਆਰਥਿਕ ਅਸਮਾਨਤਾ ਅਤੇ ਲੁੱਟ-ਖਸੁੱਟ ਨੂੰ ਦੇਖਦਿਆਂ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ਨੂੰ ਪ੍ਰਚਾਰਿਆ। ਗੁਰੂ ਸਾਹਿਬ ਦੇ ਸਮੇਂ ਹਿੰਦੁਸਤਾਨੀ ਸਮਾਜ ਵਿਚ ਜਿੱਥੇ ਛੂਤ-ਛਾਤ ਦਾ ਬੋਲਬਾਲਾ ਸੀ, ਉੱਥੇ ਨਾਰੀ ਨਾਲ ਵੀ ਸਨਮਾਨਜਨਕ ਵਿਹਾਰ ਨਹੀਂ ਸੀ ਕੀਤਾ ਜਾਂਦਾ। ਉਸ ਨੂੰ ਪੈਰ ਦੀ ਜੁੱਤੀ, ਦਾਸੀ ਅਤੇ ਪਰਦੇ ਵਿਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਨਾਰੀ ਨੂੰ ਮਨੁੱਖ ਦੇ ਬਰਾਬਰ ਸਨਮਾਨਜਨਕ ਰੁਤਬਾ ਪ੍ਰਦਾਨ ਕਰਨ ਦੀ ਵਡਿਆਈ ਵੀ ਗੁਰੂ ਜੀ ਦੇ ਹਿੱਸੇ ਹੀ ਆਈ। ਆਪ ਦਾ ਪਾਵਨ ਫ਼ਰਮਾਨ ਹੈ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਇਸੇ ਤਰ੍ਹਾਂ ਆਪ ਜੀ ਨੇ ਉਚ-ਨੀਚ ਅਤੇ ਜਾਤ-ਪਾਤ ਦੇ ਵੰਡ-ਵਿਤਕਰੇ ਦੀ ਨਿਖੇਧੀ ਹੀ ਨਹੀਂ ਕੀਤੀ ਬਲਕਿ ਅਮਲੀ ਰੂਪ ਵਿਚ ਇਸ 'ਤੇ ਪਹਿਰਾ ਦਿੱਤਾ।

ਕਿਉਂਕਿ ਸਮਕਾਲੀ ਸਮਾਜ ਵਿਚ ਯੋਗ ਮੱਤ ਦੇ ਪ੍ਰਭਾਵ ਸਦਕਾ ਲੋਕਾਂ ਵਿਚ ਸੰਸਾਰ ਨੂੰ ਤਿਆਗਣ ਦੀ ਬਿਰਤੀ ਪ੍ਰਧਾਨ ਹੋ ਚੁੱਕੀ ਸੀ, ਲੋਕਾਂ ਨੇ ਸੰਸਾਰਕ ਜ਼ਿੰਮੇਵਾਰੀਆ

ਭਾਰਤ ਬਜ਼ੁਰਗਾਂ ਦੀ ਸਿਆਣਪ ਤੇ ਨੌਜਵਾਨਾਂ ਦੀ ਤਾਕਤ ਨਾਲ ਹੀ ਬਣੇਗਾ ਵਿਸ਼ਵ ਸ਼ਕਤੀ: ਅਨੀਰੁੱਧ ਤਿਵਾੜੀ

ਲਾਅ ਯੂਨੀਵਰਸਿਟੀ 'ਚ ਨੈਟਕਾਨ-25 'ਸੀਜ਼ਨਜ਼ ਆਫ਼ ਲਾਈਫ਼' ਵਲੋਂ ਦੋ ਦਿਨਾਂ ਰਾਸ਼ਟਰੀ ਸੰਮੇਲਨ



ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟ੍ਰੇਸ਼ਨ, (ਮਗਸੀਪਾ) ਚੰਡੀਗੜ੍ਹ ਦੇ ਡਾਇਰੈਕਟਰ ਜਨਰਲ ਤੇ ਸਪੈਸ਼ਲ ਮੁੱਖ ਸਕੱਤਰ ਅਨੀਰੁੱਧ ਤਿਵਾੜੀ ਨੇ ਕਿਹਾ ਹੈ ਕਿ ਸਾਡਾ ਦੇਸ਼ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਤਰੱਕੀ ਕਰਨ ਵਾਲੀ ਅਰਥਵਿਵਸਥਾ ਹੈ। ਉਨ੍ਹਾਂ ਇੱਥੇ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ਼ ਲਾਅ (ਆਰ.ਜੀ.ਐਨ.ਯੂ.ਐਲ) ਵੱਲੋਂ ਕਰਵਾਏ ਦੋ ਦਿਨਾਂ ਰਾਸ਼ਟਰੀ ਸੰਮੇਲਨ ਸੀਜ਼ਨਜ਼ ਆਫ਼ ਲਾਈਫ਼ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੁੰਦਿਆਂ ਕਿਹਾ ਕਿ ਜੇ ਅਸੀਂ ਬਜ਼ੁਰਗਾਂ ਦਾ ਤਜ਼ਰਬੇ ਤੇ ਸਿਆਣਪ ਅਤੇ ਨੌਜਵਾਨਾਂ ਦੀ ਤਾਕਤ ਨਾਲ ਜੋੜੀਏ, ਤਾਂ ਭਾਰਤ ਵਿਸ਼ਵ ਸ਼ਕਤੀ ਬਣੇਗਾ।

ਕੇਂਦਰੀ ਸਮਾਜਿਕ ਨਿਆਂ ਮੰਤਰਾਲੇ ਅਤੇ ਨੈਸ਼ਨਲ ਇੰਸਟੀਚਿਊਟ ਆਫ਼ ਸੋਸ਼ਲ ਡਿਫੈਂਸ ਦੇ ਸਾਂਝੇ ਯਤਨਾਂ ਨਾਲ ਕਰਵਾਏ ਇਸ ਸੰਮੇਲਨ ਦੌਰਾਨ ਅਨੀਰੁੱਧ ਤਿਵਾੜੀ ਨੇ ਕਿਹਾ ਕਿ ਉਮਰ ਕਿਸੇ ਵੀ ਕੰਮ ਵਿੱਚ ਰੁਕਾਵਟ ਨਹੀਂ। ਉਨ੍ਹਾਂ ਕਿਹਾ ਕਿ ਨੋਬਲ ਇਨਾਮ ਜੇਤੂਆਂ ਦੀ ਉਮਰ ਵੀ ਵਧ ਰਹੀ ਹੈ, ਖ਼ੁਸ਼ ਰਹਿਣ ਦਾ ਰਾਜ ਸਿਆਣਪ ਅਤੇ ਤਾਕਤ ਦਾ ਸੰਤੁਲਨ ਹੈ। ਉਨ੍ਹਾਂ ਗੀਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਬਜ਼ੁਰਗਾਂ ਨੂੰ ਆਪਣੀ ਸਿਹਤ ਦਾ ਖ਼ਿਆਲ ਰੱਖਣਾ ਚਾਹੀਦਾ ਹੈ ਤਾਂ ਜੋ ਉਹ ਨੌਜਵਾਨ ਪੀੜ੍ਹੀ ਦੇ ਰਾਹ ਦਸੇਰੇ ਬਣ ਸਕਣ।

ਸਪੈਸ਼ਲ ਚੀਫ ਸੈਕਟਰੀ ਸ੍ਰੀ ਤਿਵਾੜੀ ਨੇ ਦੱਸਿਆ ਕਿ ਭਾਰਤ ਸਭ ਤੋਂ ਪੁਰਾਣੀਆਂ ਸਭਿਆਚਾਰਾਂ ਵਿੱਚੋਂ ਇੱਕ ਹੈ ਤੇ ਨਾਲ ਹੀ ਨੌਜਵਾਨ ਦੇਸ਼ ਵੀ ਹੈ। ਸਾਡੇ ਦੇਸ਼ ਦੀ 64 ਫੀਸਦੀ ਅਬਾਦੀ 15 ਤੋਂ 35 ਸਾਲ ਦੀ ਹੈ ਜਦਕਿ 6 ਫੀਸਦੀ ਬਜ਼ੁਰਗ ਹਨ, ਜੇਕਰ ਦੋਵਾਂ ਪੀੜ੍ਹੀਆਂ ਨੂੰ ਇਕੱਠਾ ਕੀਤਾ ਜਾਵੇ, ਤਾਂ ਭਾਰਤ ਜਲਦੀ ਹੀ ਵਿਕਸਿਤ ਦੇਸ਼ ਬਣੇਗਾ।

ਰੂਸੀ ਸਮਾਜਿਕ ਅਤੇ ਮੂਲ ਭੌਤਿਕ ਵਿਗਿਆਨ ਅਕੈਡਮੀ, ਮਾਸਕੋ ਦੇ ਪ੍ਰੋਫੈਸਰ ਸੰਜੇ ਤਿਵਾੜੀ ਨੇ ਖੇਡਾਂ ਨੂੰ ਬਜ਼ੁਰਗਾਂ ਦੀ ਖ਼ੁਸ਼ੀ ਵਧਾਉਣ ਦਾ ਸਾਧਨ ਦੱਸਿਆ ਅਤੇ ਕਿਹਾ ਕਿ ਸਮਾਜ ਨੂੰ ਪੀੜ੍ਹੀਆਂ ਵਿਚਾਲੇ ਫ਼ਰਕ ਘਟਾਉਣਾ ਚਾਹੀਦਾ ਹੈ। ਸਮਾਜਿਕ ਨਿਆਂ ਮੰਤਰਾਲੇ ਅਤੇ ਹੋਰ ਸੰਸਥਾਵਾਂ ਦੇ ਅਧਿਕਾਰੀਆਂ ਨੇ ਵੀ ਆਪਣੇ ਸੰਦੇਸ਼ ਭੇਜੇ ਅਤੇ ਬਜ਼ੁਰਗਾਂ ਲਈ ਸਰਕਾਰ ਵੱਲੋਂ ਚੱਲ ਰਹੀਆਂ ਯੋਜਨਾਵਾਂ ਬਾਰੇ ਦੱਸਿਆ।

ਆਰ.ਜੀ.ਐਨ.ਯੂ.ਐਲ ਵੱਲੋਂ ਬਜ਼ੁਰਗਾਂ ਨੂੰ ਸੰਮੇਲਨ ਦੌਰਾਨ ਸਨਮਾਨਿਤ ਕੀਤਾ ਗਿਆ। ਸੈਮੀਨਾਰ ਦੀ ਅਗਵਾਈ ਰਾਜੀਵ ਗਾਂਧੀ ਰਾਸ਼ਟਰੀ ਕਾਨੂੰਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋਫੈਸਰ (ਡਾਕਟਰ) ਜੈ ਸ਼ੰਕਰ ਸਿੰਘ ਨੇ ਕੀਤੀ।ਸੈਮੀਨਾਰ ਦੀ ਆਯੋਜਕ ਅਤੇ ਸੰਯੋਜਕ ਡਾ. ਜਸਲੀਨ ਕੇਵਲਾਨੀ ਨੇ ਕਿਹਾ ਨੇ ਕਿਹਾ ਕਿ ਸਿਰਫ਼ ਬਜ਼ੁਰਗ ਹੋ ਜਾਣਾ ਉਪਲਬਧੀ ਨਹੀਂ, ਅਸਲ ਗੱਲ ਇਹ ਹੈ ਕਿ ਆਪਣੇ ਅਨੁਭਵ ਨਾਲ ਨੌਜਵਾਨ ਪੀੜ੍ਹੀ ਨੂੰ ਕਿਵੇਂ ਰਾਹ ਦਿਖਾਇਆ ਜਾਵੇ। ਸੰਮੇਲਨ ਵਿੱਚ ਸਰਕਾਰੀ ਮੈਡੀਕਲ ਕਾਲਜ ਦੇ ਛਾਤੀ ਰੋਗਾਂ ਦੇ ਮਾਹਿਰ ਡਾ. ਵਿਸ਼ਾਲ ਚੋਪੜਾ ਤੇ ਲਾਅ ਟੀਚਰਜ਼ ਇੰਡੀਆ ਡਾ. ਕਲਪੇਸ਼ ਗੁਪਤਾ ਨੇ ਵੀ ਆਪਣੇ ਵਿਚਾਰ ਰੱਖੇ।

ਡਾ. ਤਨਿਆ ਸੇਂਗੁਪਤਾ ਅਤੇ ਅਨੁਮੋਲ ਮੈਥਿਊ (ਰਾਸ਼ਟਰੀ ਸਮਾਜਿਕ ਸੁਰੱਖਿਆ ਸੰਸਥਾ), ਅਤੇ ਮਨਮੋਹਨ ਵਰਮਾ, ਕਾਨੂੰਨ ਅਧਿਕਾਰੀ- ਰਾਸ਼ਟਰੀ ਮਹਿਲਾ ਆਯੋਗ, ਰਜਿਸਟਰਾਰ ਡਾ. ਇਵਨੀਤ ਵਾਲੀਆ ਨੇ ਵੀ ਸੰਬੋਧਨ ਕੀਤਾ। ਵਿਦਿਆਰਥੀ ਕਨਵੀਨਰਾਂ ਦਕਸ਼ ਖੰਨਾ ਅਤੇ ਸੀਆ ਪੰਡਿਤਾ ਨੇ ਨੇ ਦੱਸਿਆ ਕਿ ਇਸ ਸੰਮੇਲਨ ਵਿੱਚ 177 ਰਿਸਰਚ ਪੇਪਰ ਭਾਰਤ ਨਾਲ ਨਾਲ ਸ੍ਰੀਲੰਕਾ, ਬੰਗਲਾਦੇਸ਼, ਮਾਲਦੀਵ ਅਤੇ ਇੰਡੋਨੇਸ਼ੀਆ ਦੇ ਲੇਖਕਾਂ ਵੱਲੋਂ ਵੀ ਪੇਸ਼ ਕੀਤੇ ਗਏ।

ਮਹਾਰਾਜਾ ਅਗਰਸੈਨ ਜਯੰਤੀ ਅਗਰਵਾਲ ਚੇਤਨਾ ਮਾਰਚ ਵਲੋਂ 5178ਵੀ ਜਯੰਤੀ ਮਨਾਈ ਗਈ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਹਾਰਾਜਾ ਅਗਰਸੈਨ ਜਯੰਤੀ ਅਗਰਵਾਲ ਚੇਤਨਾ ਮਾਰਚ ਵਲੋਂ 5178ਵੀ ਜਯੰਤੀ ਸ਼ਿਵ ਮੰਦਿਰ ਨਿਊ ਅਨਾਜ ਮੰਡੀ ਵਿਖੇ ਮਨਾਈ ਗਈ। ਜਿਸ ਵਿੱਚ ਸ੍ਰੀ ਅਸ਼ੋਕ ਗਰਗ ਮੁੱਖ ਮਹਿਮਾਨ ਸ੍ਰੀ ਹਰਮੇਸ਼ ਗੋਇਲ ਅਤੇ ਸ੍ਰੀ ਮੋਹਨ ਲਾਲ ਗੋਇਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਅਵਸਰ ਤੇ ਸ੍ਰੀ ਦੇਵੀ ਦਿਆਲ ਗੋਇਲ ਪੈਟਰਨ ਨੇ ਆਏ ਮਹਿਮਾਨਾਂ ਦਾ ਜੀ ਆਇਆ ਕਿਹਾ, ਡਾ. ਪ੍ਰਸ਼ੋਤਮ ਗੋਇਲ ਪ੍ਰਧਾਨ ਅਗਰਵਾਲ ਚੇਤਨਾ ਸਭਾ ਨੇ ਉਹਨਾਂ ਦੀ ਜੀਵਨੀ ਬਾਰੇ ਵਿਸਥਾਰ ਨਾਲ ਦੱਸਿਆ ਕਿ ਉਹਨਾਂ ਵੱਲੋਂ ਸਮਾਨਤਾ ਦਾ ਸੰਦੇਸ਼ ਦਿੱਤਾ ਅਤੇ ਜਿਹੜਾ ਵਿਅਕਤੀ ਉਹਨਾਂ ਦੇ ਰਾਜ ਵਿੱਚ ਆਇਆ ਤਾਂ ਉਸ ਦੀ ਇੱਕ ਰੁਪਇਆ ਅਤੇ ਇੱਕ ਇੱਟ ਨਾਲ ਕੀਤੀ ਤਾਂ ਕਿ ਉਸਦੇ ਰਹਿਣ ਅਤੇ ਖਾਣ ਪੀਣ ਦਾ ਪ੍ਰਬੰਧ ਹੋ ਸਕੇ ਅਤੇ ਆਪਣਾ ਕਾਰੋਬਾਰ ਕਰ ਸਕੇ। ਉਹਨਾਂ ਵੱਲੋਂ ਰਾਜ ਵਿੱਚ ਕੋਈ ਭੁੱਖਾ ਨਾ ਰਹੇ। ਸਾਰੇ ਇੱਕ ਸਮਾਨ ਹੋਣ।

ਸ੍ਰੀ ਵਿਜੇ ਕੁਮਾਰ ਗੋਇਲ, ਦੀਪਕ ਬਾਂਸਲ ਨੇ ਵੀ ਵਿਚਾਰ ਰੱਖੇ। ਇਸ ਅਵਸਰ ਤੇ ਸ੍ਰੀ ਦੇਵੀ ਦਿਆਲ ਗੋਇਲ, ਹਰਬੰਸ ਬਾਂਸਲ, ਰਾਕੇਸ਼ ਸਿੰਗਲਾ, ਸੁਰੇਸ਼ ਬਾਂਸਲ, ਦੀਪਕ ਬਾਂਸਲ, ਨਰੇਸ਼ ਮਿੱਤਲ, ਅਸ਼ੋਕ ਗਰਗ ਅਤੇ ਹਰਮੇਸ਼ ਗੋਇਲ ਡਕਾਲਾ, ਕਮਲ ਗੋਇਲ ਸਤਵਿੰਦਰ ਸੈਣੀ ਪ੍ਰਧਾਨ, ਡਾ. ਪੂਨਮ ਗੁਪਤਾ, ਸੰਜੀਵਨ ਕੁਮਾਰ ਦਾ ਵੀ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਅੰਜਲੀ ਗੁਪਤਾ, ਰੋਮਿਤਾ ਗੁਪਤਾ, ਅੰਨਕਾਸ਼ਾ ਅਤੇ ਨੀਤੀਮਾ ਰਾਣੀ ਅਗਰਵਾਲ ਦੇ ਵਧਿਆ ਕਾਰਜਾਂ ਕਾਰਨ ਸਨਮਾਨਿਤ ਕੀਤਾ ਗਿਆ।

ਮਹਾਰਾਜਾ ਅਗਰਸੈਨ ਤੇ ਲਕਸ਼ਮੀ ਮਾਤਾ ਦੀ ਵਿਸ਼ੇਸ਼ ਕ੍ਰਿਪਾ ਸੀ ਸਭਾ ਦੀ ਚੰਗੇ ਕਾਰਜਾਂ ਨੂੰ ਤਰਜੀਹ ਦੇ ਰਹੀ ਹੈ। ਇਸ ਅਵਸਰ ਤੇ ਵਿਨੋਦ ਸਿੰਗਲਾ, ਤਰਸੇਮ ਮਿੱਤਲ, ਤਰਸੇਮ ਬਾਂਸਲ , ਗਰਗ, ਨੀਲੂ ਗਰਗ ਗਾਇਕਾ ਜਿੰਦਲ, ਮੋਨੀਕਾ ਗੁਪਤਾ, ਰਮਨੀਸ ਕਾਂਸਲ, ਨਿਧੀ ਗੁਪਤਾ, ਮਾਇਆ ਧਾਰੀ ਆਦਿ ਹਾਜਰ ਸਨ।

ਭਾਈ ਘਨੱਈਆ ਜੀ ਦੀ ਯਾਦ ਨੂੰ ਸਮਰਪਿਤ 16 ਵਲੰਟੀਅਰਾਂ ਨੇ ਕੀਤਾ ਖ਼ੂਨਦਾਨ

ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਦੀ ਸੇਵਾ ਸ਼ਲਾਘਾਯੋਗ: ਰਾਠੀ

ਪਟਿਆਲਾ, 25 ਸਤੰਬਰ
-ਰਣਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਲੋੜਵੰਦ ਮਰੀਜ਼ਾਂ ਲਈ ਯੂਨੀਵਰਸਲ ਵੈਲਫੇਅਰ ਕਲੱਬ ਪੰਜਾਬ ਅਤੇ ਹਿਊਮਨ ਵੈਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਕੈਂਪ ਕਮਾਂਡਰ ਕੁਲਦੀਪ ਸਿੰਘ ਜੋਸਨ ਦੀ ਅਗਵਾਈ ਹੇਠ ਭਾਈ ਘਨੱਈਆ ਜੀ ਦੀ ਯਾਦ ਨੂੰ ਸਮਰਪਿਤ 330ਵਾਂ ਰੈਗੂਲਰ ਖ਼ੂਨਦਾਨ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਗੁਰਮੀਤ ਸਿੰਘ ਤੇ ਤਰਸੇਮ ਸਿੰਘ ਬਿਸ਼ਨਗੜ੍ਹ ਨੇ ਇਕੱਠਿਆਂ ਖ਼ੂਨਦਾਨ ਕਰਕੇ ਕੀਤਾ। ਕੈਂਪ ਵਿਚ ਸੁਖਜਿੰਦਰ ਸਿੰਘ ਘੁੰਮਣ ਅਲੀਪੁਰ, ਕਰਮ ਚੰਦ ਗੰਗਰੌਲਾ, ਕੁਲਦੀਪ ਸਿੰਘ ਫਤਹਿਗੜ੍ਹ ਛੰਨਾ, ਹਰਜਿੰਦਰ ਸਿੰਘ ਮੈਣ, ਸੰਦੀਪ ਕੁਮਾਰ ਡਕਾਲਾ, ਨਵਜੋਤ ਸਿੰਘ ਆਸਟ੍ਰੇਲੀਆ, ਜਤਿੰਦਰ ਸਿੰਘ ਬੰਟੀ ਰਾਮਪੁਰ ਸਾਹੀਏਵਾਲ, ਜਸ਼ਨ ਕੌੜਾ ਸਨੌਰ, ਹਰਿੰਦਰ ਸਿੰਘ ਕੱਲਰਮਾਜਰੀ ਸਮੇਤ 16 ਵਲੰਟੀਅਰਾਂ ਨੇ ਖ਼ੂਨਦਾਨ ਕੀਤਾ। ਖ਼ੂਨਦਾਨੀਆਂ ਨੂੰ ਸਰਟੀਫਿਕੇਟ ਤੇ ਗਮਛਾ ਦੇ ਕੇ ਸਨਮਾਨਤ ਕਰਦਿਆਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਮਿਤ ਸਿੰਘ ਰਾਠੀ ਜਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਨੇ ਕਿਹਾ ਕਿ ਭਾਈ ਘਨੱਈਆ ਜੀ ਦੀ ਯਾਦ ਵਿਚ ਖ਼ੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ ਹੈ।

ਉਨ੍ਹਾਂ ਕਿਹਾ ਕਿ ਖ਼ੂਨਦਾਨ ਇੱਕ ਅਜਿਹਾ ਦਾਨ ਹੈ ਜਿਸ ਨਾਲ ਮਰੀਜ਼ਾਂ ਦੀ ਜਾਨ ਬਚਾਉਣ ਵਿਚ ਮਦਦ ਹੁੰਦੀ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਲੋੜਵੰਦ ਮਰੀਜ਼ਾਂ ਲਈ ਖ਼ੂਨ ਸੰਜੀਵਨੀ ਹੈ। ਉਨ੍ਹਾਂ ਕਿਹਾ ਕਿ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਪਿਛਲੇ 13 ਸਾਲਾਂ ਤੋਂ ਲਗਾਤਾਰ ਹਰ ਮਹੀਨੇ ਦੋ ਖ਼ੂਨਦਾਨ ਕੈਂਪ ਲਗਾਉਣਾ ਸ਼ਲਾਘਾਯੋਗ ਉਪਰਾਲਾ ਹੈ, ਇਸ ਲਈ ਮਿਸ਼ਨ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਤੇ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਉਨ੍ਹਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ ਹਰ ਤਿੰਨ ਮਹੀਨੇ ਬਾਅਦ ਮੁੜ ਖ਼ੂਨਦਾਨ ਕਰ ਸਕਦਾ ਹੈ। ਇਸ ਮੌਕੇ ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਯੂਥ ਆਗੂ ਹਰਮੀਤ ਸਿੰਘ ਬਡੂੰਗਰ, ਮਨਵਿੰਦਰ ਸਿੰਘ ਮਨੀ ਟੌਹੜਾ, ਭਾਈ ਜਰਨੈਲ ਸਿੰਘ ਝੰਡੀ, ਠੇਕੇਦਾਰ ਗੁਰਬਚਨ ਸਿੰਘ, ਭਾਈ ਲਖਵਿੰਦਰ ਸਿੰਘ, ਜਸਬੀਰ ਸਿੰਘ ਭਾਦਸੋਂ, ਰਣਜੀਤ ਸਿੰਘ ਝੰਡੀ ਤੇ ਜੋਗਾ ਸਿੰਘ ਖੀਵਾ ਹਾਜ਼ਰ ਸਨ।

10 ਕਿੱਲੋ ਭੁੱਕੀ ਸਮੇਤ ਇੱਕ ਮੁਲਜ਼ਮ ਕਾਬੂ

ਸਮਾਣਾ,25 ਸਤੰਬਰ
-ਸਰਬਜੀਤ ਸਿੰਘ ਤਲਵੰਡੀ-
-ਕੌਮੀ ਪੱਤ੍ਰਿਕਾ ਬਿਊਰੋ-

ਸੀ.ਆਈ.ਏ. ਸਟਾਫ ਸਮਾਣਾ ਨੇ ਇੱਕ ਵਿਅਕਤੀ ਨੂੰ 10 ਕਿੱਲੋ ਭੁੱਕੀ ਪੋਸਤ ਸਮੇਤ ਕਾਬੂ ਕਰਕੇ ਉਸ ਖਿਲਾਫ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮ ਦੀ ਪਛਾਣ ਜਸਵਿੰਦਰ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਪਿੰਡ ਮਰੋੜੀ ਵਜੋਂ ਹੋਈ ਹੈ।ਸੀ.ਆਈ.ਏ. ਸਟਾਫ ਦੇ ਇੰਚਾਰਜ ਇੰਸਪੈਕਟਰ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਸਬ-ਇੰਸਪੈਕਟਰ ਅਵਤਾਰ ਸਿੰਘ ਨੇ ਪੁਲਿਸ ਪਾਰਟੀ ਸਮੇਤ ਪਿੰਡ ਮਰੋੜੀ ਵਿੱਚ ਗਸ਼ਤ ਦੌਰਾਨ ਉੱਧਰੋਂ ਆ ਰਹੇ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ। ਜਦੋਂ ਉਸਦੇ ਸਿਰ 'ਤੇ ਰੱਖਿਆ ਥੈਲਾ ਚੈੱਕ ਕੀਤਾ ਗਿਆ, ਤਾਂ ਉਸ ਵਿੱਚੋਂ 10 ਕਿੱਲੋ ਭੁੱਕੀ ਪੋਸਤ ਬਰਾਮਦ ਹੋਈ, ਜਿਸ ਤੋਂ ਬਾਅਦ ਉਸਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਅਧਿਕਾਰੀ ਮੁਤਾਬਕ, ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ 'ਤੇ ਲਿਆ ਜਾਵੇਗਾ ਤਾਂ ਜੋ ਭੁੱਕੀ ਦੀ ਖਰੀਦ ਅਤੇ ਸਪਲਾਈ ਬਾਰੇ ਪੁੱਛਗਿੱਛ ਕੀਤੀ ਜਾ ਸਕੇ।

ਹਰ ਇਨਸਾਨ ਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ : ਰੁਪਾਲੀ ਗਰਗ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਲੋਕ ਭਲਾਈ ਕੰਮਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਸਮਾਜ ਸੇਵਕ ਹਰਨੇਕ ਸਿੰਘ ਮਹਿਲ ਵਲੋਂ ਅੱਜ ਮਾਤਾ ਦੇ ਨਵਰਾਤਰੇ ਸ਼ੁਰੂ ਹੋਣ ਮੌਕੇ ਵਾਰਡ ਨੰਬਰ 23 ਆਪਣੇ ਗ੍ਰਹਿ ਵਿਖੇ ਮਾਤਾ ਦੀ ਅਖੰਡ ਜ਼ੋਤ ਜਗਾ ਕੇ 9 ਨਰਾਤਿਆਂ ਦੇ ਵਰਤ ਸ਼ੁਰੂ ਕੀਤੇ ਗਏ। ਇਸ ਮੌਕੇ ਵਾਰਡ ਨੰਬਰ 23 ਦੇ ਕੌਂਸਲਰ ਮੈਡਕ ਰੁਪਾਲੀ ਗਰਗ ਨੂੰ ਇਸ ਧਾਰਮਿਕ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਇਸ ਮੌਕੇ ਉਹਨਾਂ ਕਿਹਾ ਕਿ ਹਰ ਇਨਸਾਨ ਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਆਪਣੇ ਗੁਰੂ ਪੀਰਾਂ ਦੇ ਦਰਸਾਏ ਮਾਰਗ ਤੇ ਚਲਦੇ ਹੋਏ ਆਪਣੀ ਦੱਸਾਂ ਨੂਹਾਂ ਦੀ ਕਿਰਤ ਕਮਾਈ ਕਰਕੇ ਦੀਨ ਦੁੱਖੀਆਂ ਅਤੇ ਜਰੂਰਤਮੰਦ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਕੁਦਰਤੀ ਆਏ ਹੜ੍ਹਾਂ ਦੌਰਾਨ ਉਹਨਾਂ ਲੋਕਾਂ ਦੀ ਅੱਜ ਸਾਨੂੰ ਵੱਧ ਤੋਂ ਵੱਧ ਮਦਦ ਕਰਨ ਦੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਨੇਕ ਮਹਿਲ, ਰੇਨੂੰ ਮਹਿਲਾ, ਖੁਸ਼ਨੂਰ ਕੋਲ, ਏਕਮਪ੍ਰੀਤ ਕੌਰ, ਨਾਨਕ ਸਿੰਘ, ਐਮ.ਸੀ. ਰੁਪਾਲੀ ਗਰਗ, ਪ੍ਰਦੀਪ ਗਰਗ ਐਡਵੋਕੇਟ, ਹਾਜਰ ਸਨ।

ਕਾਂਸਲ ਫਾਊਂਡੇਸ਼ਨ, ਡੀ.ਬੀ.ਜੀ. ਅਤੇ ਸ਼੍ਰੀ ਮਹਾਂਦੇਵ ਮੰਦਿਰ ਵਲੋਂ ਅਗਰਸੈਨ ਜਯੰਤੀ ਅਤੇ ਮਾਂ ਦੁਰਗਾ ਨਵਰਾਤਰਿਆਂ ਦੇ ਮੌਕੇ ਲਗਾਇਆ ਅੱਖਾਂ ਦਾ ਕੈਂਪ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਸਲ ਫਾਊਂਡੇਸ਼ਨ, ਡੀ.ਬੀ.ਜੀ. ਅਤੇ ਸ਼੍ਰੀ ਮਹਾਂਦੇਵ ਮੰਦਰ ਗੁਰਬਕਸ਼ ਕਾਲੋਨੀ ਪਟਿਆਲਾ ਵਲੋਂ ਸ਼੍ਰੀ ਮਹਾਂਦੇਵ ਮੰਦਰ ਹਾਲ ਵਿੱਚ ਮਹਾਰਾਜ ਅਗਰਸੈਨ ਜਯੰਤੀ, ਮਾਂ ਦੁਰਗਾ ਦੇ ਪਹਲੇ ਨਵਰਾਤਰੇ ਅਤੇ ਸੇਵਾ ਪਖਵਾੜਾ ਮੌਕੇ ਵਿੱਚ ਅੱਖਾਂ ਦੇ ਮੁਫ਼ਤ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਅੱਖਾਂ ਦੇ ਪ੍ਰਸਿੱਧ ਡਾ. ਜਗਜੀਤ ਆਈ ਹਸਪਤਾਲ ਵਲੋਂ ਅੱਖਾਂ ਦੀ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਤੇ ਨਾਲ ਹੀ ਮੁਫ਼ਤ ਚਿੱਟੇ ਤੇ ਕਾਲੇ ਮੋਤੀਏ ਦੇ ਓਪਰੇਸ਼ਨ ਵੀ ਕੀਤੇ ਗਏ, ਜਿਸਦਾ 122 ਮਰੀਜ਼ਾਂ ਨੂੰ ਲਾਭ ਮਿਲਿਆ। ਬਹੁਤ ਹੀ ਕਾਬਿਲ ਡਾ. ਤਨਵੀਰ ਵੱਲੋਂ ਆਰਥੋ ਦੇ ਮਰੀਜ਼ਾਂ ਦਾ ਮੁਫ਼ਤ ਇਲਾਜ਼ ਕੀਤਾ ਗਿਆ ਜਿਸਦਾ ਲਗਭਗ 70 ਮਰੀਜ਼ਾਂ ਨੇ ਲਾਭ

ਗਰਭ ਅਵਸਥਾ ਦੌਰਾਨ ਕਸਰਤ ਦੇ ਫ਼ਾਇਦੇ

ਗਰਭ ਅਵਸਥਾ ਦਾ ਅਹਿਸਾਸ ਸਾਰਿਆਂ ਲਈ ਖੁਸ਼ੀ ਭਰਿਆ ਹੁੰਦਾ ਹੈ। ਜਦੋਂ ਘਰ ਵਿੱਚ ਛੋਟੇ ਬੱਚੇ ਦੇ ਆਉਣ ਦੀ ਖਬਰ ਮਿਲਦੀ ਹੈ ਤਾਂ ਸਾਰਿਆਂ ਦੀ ਖੁਸ਼ੀ ਦਾ ਠਿਕਾਣਾ ਨਹੀਂ ਰਹਿੰਦਾ। ਇਨ੍ਹਾਂ ਦਿਨਾਂ ਵਿੱਚ ਬਾਲੀਵੁੱਡ ਦੀ ਕਈ ਐਕਟਰਸ ਆਪਣੇ ਪ੍ਰੈਗਨੇਂਸੀ ਪੀਰੀਅਡ ਨੂੰ ਕਾਫ਼ੀ ਇਨਜਾਏ ਕਰ ਰਹੀ ਹੈ। ਆਪਣੇ ਬੇਬੀ ਬੰਪ ਦੇ ਨਾਲ ਨਵੇਂ-ਨਵੇਂ ਪੋਜ ਦੇ ਕੇ ਫ਼ੋਟੋਜ ਸ਼ੇਅਰ ਕਰ ਰਹੀ ਹੈ। ਇਸ ਤੋਂ ਇਲਾਵਾ ਬਾਲੀਵੁੱਡ ਡਿਵਾਜ ਆਪਣੇ ਗਰਭ ਅਵਸਥਾ ਵਿੱਚ ਕਸਰਤ ਨੂੰ ਕਾਫ਼ੀ ਅਹਮਿਅਤ ਦੇ ਰਹੀ ਹੈ। ਕੀ ਤੁਸੀਂ ਜਾਣਦੇ ਹੋ ਗਰਭ ਅਵਸਥਾ ਵਿੱਚ ਕਸਰਤ ਕਰਨ ਨਾਲ ਕਿਹੜੇ ਫ਼ਾਇਦੇ ਮਿਲਦੇ ਹਨ। ਜੇ ਤੁਸੀਂ ਨਹੀਂ ਜਾਣਦੇ ਤਾਂ ਇਨ੍ਹਾਂ ਬਾਲੀਵੁੱਡ ਅਦਾਕਾਰਾ ਤੋਂ ਸਿਖੋ। ਆਓ ਜਾਣਦੇ ਹਾਂ ਗਰਭ ਅਵਸਥਾ ਦੇ ਦੌਰਾਨ ਕਸਰਤ ਕਰਨ ਨਾਲ ਕੀ ਫ਼ਾਇਦਾ ਹੁੰਦਾ ਹੈ।

1. ਲੇਬਰ ਪੇਨ ਮਾਨਸਿਕ ਅਤੇ ਸਰੀਰਕ ਰੂਪ ਵਿੱਚ ਕਾਫ਼ੀ ਦਰਦ ਦਿੰਦਾ ਹੈ। ਜਦੋਂ ਲੇਬਰ ਪੇਨ ਹੁੰਦਾ ਹੈ ਤਾਂ ਇਸ ਨੂੰ ਸਹਿਣਾ ਕਾਫ਼ੀ ਮੁਸ਼ਕਲ ਹੁੰਦਾ ਹੈ ਪਰ ਗਰਭ ਅਵਸਥਾ ਦੌਰਾਨ ਕਸਰਤ ਕੀਤੀ ਜਾਵੇ ਤਾਂ ਲੇਬਰ ਪੇਨ ਦਾ ਦਰਦ ਸਹਿਣ ਲਈ ਤਾਕਤ ਮਿਲਦੀ ਹੈ।

2. ਗਰਭ ਅਵਸਥਾ ਦੌਰਾਨ ਕਸਰਤ ਕਰਨ ਨਾਲ ਪੇਲਵਿਰ ਫ਼ਲੋਰ ਮਾਸਪੇਸ਼ੀਆਂ ਵੀ ਮਜ਼ਬੂਤ ਹੋ ਜਾਂਦੀਆਂ ਹਨ। ਇਸ ਨਾਲ ਵੈਜਾਈਨਾ ਨੂੰ ਸਪੋਟ ਮਿਲਦੀ ਹੈ। ਇਸ ਲਈ ਗਰਭ ਅਵਸਥਾ ਦੌਰਾਨ ਫ਼ਲੋਰ ਫ਼ਰਸ਼ ਨਾਲ ਜੁੜੀ ਕਸਰਤ ਕਰੋ।

3. ਗਰਭ ਅਵਸਥਾ ਦੌਰਾਨ ਜੇ ਤੁਸੀਂ ਆਸਾਨੀ ਨਾਲ ਹੋਣ ਵਾਲੀ ਕਸਰਤ ਵੀ ਕਰੋ ਤਾਂ ਇਸ ਨਾਲ ਲੱਤਾ ਦੀਆਂ ਮਾਸਪੇਸ਼ੀਆਂ ਮਜ਼ਬੂਕ ਰਹਿੰਦੀਆਂ ਹਨ। ਇਸ ਲਈ ਬਹਿਤਰ ਹੋਵੇਗਾ ਕਿ ਕਸਰਤ ਕਰੋ ਕਿਉਂਕਿ ਇਹ ਲੱਤਾ ਦੀਆਂ ਮਾਸਪੇਸ਼ੀਆਂ ਨੂੰ ਲੇਬਰ ਦੇ ਤਣਾਅ ਤੋਂ ਬਚਾਉਂਦੀ ਹੈ।

4. ਗਰਭ ਅਵਸਥਾ ਦੇ ਬਾਅਦ ਭਾਰ ਵਧਣ ਲੱਗਦਾ ਹੈ ਜੇ ਤੁਸੀਂ ਵੀ ਆਪਣੇ ਭਾਰ ਨੂੰ ਕੰਟਰੋਲ ਵਿੱਚ ਰੱਖਣਾ ਚਾਹੁੰਦੀ ਹੋ ਤਾਂ ਗਰਭ ਅਵਸਥਾ ਦੇ ਦੌਰਾਨ ਕਸਰਤ ਨੂੰ ਵੀ ਅਹਮਿਅਤ ਦਿਓ।

5. ਡਿਲਵਰੀ ਦੇ ਬਾਅਦ ਸਰੀਰ ਨੂੰ ਫ਼ਿਟ ਰੱਖਣ ਲਈ ਕਸਰਤ ਕਾਫ਼ੀ ਜ਼ਰੂਰੀ ਹੈ। ਇਸ ਨਾਲ ਤੇਜ਼ੀ ਨਾਲ ਰਿਕਵਰੀ ਹੋਵੇਗੀ ਅਤੇ ਤੁਸੀਂ ਪਹਿਲਾਂ ਵਰਗੀ ਫ਼ਿਗਰ ਮੇਨਟੇਨ ਰੱਖ ਸਕੋਗੀ।

ਤੁਲਸੀ ਕਰਦੀ ਹੈ ਸ਼ਰੀਰ ਦੀਆਂ ਕਈ ਬੀਮਾਰੀਆਂ ਨੂੰ ਦੂਰ

ਤੁਲਸੀ ਵਿੱਚ ਕਈ ਔਸ਼ਧੀਆਂ ਦੇ ਗੁਣ ਮੌਜੂਦ ਹਨ। ਦਿਲ ਦਾ ਰੋਗ ਹੋਵੇ ਜਾਂ ਸਰਦੀ ਜ਼ੁਕਾਮ, ਆਯੁਰਵੇਦਾ ਵਿੱਚ ਤੁਲਸੀ ਦੀ ਵਰਤੋਂ ਸ਼ੁਰੂ ਤੋਂ ਹੁੰਦੀ ਆ ਰਹੀ ਹੈ। ਭਾਰਤ ਵਿੱਚ ਕਈ ਘਰਾਂ ਵਿੱਚ ਹੀ ਤੁਹਾਨੂੰ ਤੁਲਸੀ ਦੇ ਪੌਦੇ ਦੇਖਣ ਨੂੰ ਮਿਲ ਜਾਂਦੇ ਹਨ। ਤੁਲਸੀ ਦੀ ਵਰਤੋਂ ਨਾਲ ਸਰੀਰ ਕਈ ਬੀਮਾਰੀਆਂ ਤੋਂ ਦੂਰ ਰਹਿੰਦਾ ਹੈ। ਤੁਲਸੀ ਨਾਲ ਕਈ ਰੋਗਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਤੁਲਸੀ ਨਾਲ ਸ਼ਰੀਰ ਨੂੰ ਹੋਣ ਵਾਲੇ ਫ਼ਾਇਦਿਆਂ ਬਾਰੇ...

1. ਗਲੇ ਦੀ ਖ਼ਰਾਸ਼: ਤੁਲਸੀ ਦੀਆਂ ਪੱਤੀਆਂ ਨੂੰ ਉਬਾਲ ਕੇ ਉਸ ਪਾਣੀ ਨੂੰ ਪੀਣ ਨਾਲ ਗਲੇ ਦੀ ਖ਼ਰਾਸ਼ ਦੂਰ ਹੋ ਜਾਂਦੀ ਹੈ। ਇਸ ਪਾਣੀ ਨੂੰ ਤੁਸੀਂ ਗਰਾਰੇ ਕਰਨ ਲਈ ਵੀ ਵਰਤ ਸਕਦੇ ਹੋ। ਬੱਚਿਆਂ ਵਿੱਚ ਬੁਖਾਰ, ਖ਼ਾਂਸੀ ਅਤੇ ਉਲਟੀ ਵਰਗੀ ਸਮੱਸਿਆ ਹੋਣ 'ਤੇ ਤੁਲਸੀ ਬੇਹੱਦ ਫ਼ਾਇਦੇਮੰਦ ਹੁੰਦੀ ਹੈ।

2. ਸਾਹ ਦੀ ਸਮੱਸਿਆ: ਸਾਹ ਦੀ ਸਮੱਸਿਆ ਹੋਣ 'ਤੇ ਤੁਲਸੀ ਬਹੁਤ ਹੀ ਲਾਭਕਾਰੀ ਸਾਬਤ ਹੁੰਦੀ ਹੈ। ਸ਼ਹਿਦ, ਅਦਰਕ ਅਤੇ ਤੁਲਸੀ ਨੂੰ ਮਿਲਾ ਕੇ ਬਣਾਇਆ ਗਿਆ ਕਾੜ੍ਹਾ ਪੀਣ ਨਾਲ ਖ਼ਾਂਸੀ ਅਤੇ ਸਰਦੀ ਤੋਂ ਰਾਹਤ ਮਿਲਦੀ ਹੈ ਅਤੇ ਇਸ ਨਾਲ ਸਾਹ ਦੀ ਸਮੱਸਿਆ ਵੀ ਦੂਰ ਹੋ ਜਾਂਦੀ ਹੈ।

3. ਗੁਰਦੇ ਦੀ ਪੱਥਰੀ: ਤੁਲਸੀ ਗੁਰਦਿਆਂ ਨੂੰ ਮਜ਼ਬੂਤ ਬਣਾਉਂਦੀ ਹੈ ਜੇ ਕਿਸੇ ਦੇ ਗੁਰਦੇ ਵਿੱਚ ਪੱਥਰੀ ਹੋ ਗਈ ਹੈ ਤਾਂ ਸ਼ਹਿਦ ਵਿੱਚ ਤੁਲਸੀ ਦੇ ਪੱਤੇ ਮਿਲਾ ਕੇ ਨਿਯਮਿਤ ਇਸ ਦੀ ਵਰਤੋਂ ਕਰੋ। ਛੇ ਮਹੀਨੇ ਵਿਚ ਹੀ ਇਸ ਦਾ ਅਸਰ ਦਿਖਣਾ ਸ਼ੁਰੂ ਹੋ ਜਾਵੇਗਾ। 4. ਦਿਲ ਦੇ ਰੋਗ: ਤੁਲਸੀ ਖ਼ੂਨ ਵਿੱਚ ਕੋਲੈਸਟਰੋਲ ਦੇ ਲੇਵਲ ਨੂੰ ਘਟਾਉਂਦੀ ਹੈ। ਅਜਿਹੇ ਵਿੱਚ ਦਿਲ ਦੇ ਰੋਗੀਆਂ ਲਈ ਇਹ ਕਾਫ਼ੀ ਕਾਰਗਾਰ ਸਾਬਤ ਹੁੰਦੀ ਹੈ। ਇਸ ਤੋਂ ਇਲਾਵਾ ਜਿਨ੍ਹਾਂ ਮਰਦਾਂ ਨੂੰ ਕੋਲੈਸਟਰੋਲਦ ਦੀ ਵਜ੍ਹਾ ਤੋਂ ਨਾਮਰਦੀ ਦੀ ਸਮੱਸਿਆ ਨਾਲ ਜੂਝਣਾ ਪੈ ਰਿਹਾ ਹੈ, ਉਨ੍ਹਾਂ ਨੂੰ ਵੀ ਤੁਲਸੀ ਦੀ ਲੰਬਾ ਅਰਸਾ ਵਰਤੋਂ ਨਾਲ ਫ਼ਾਇਦਾ ਹੁੰਦਾ ਹੈ।

5. ਤਨਾਅ: ਤੁਲਸੀ ਦੇ ਪੱਤਿਆਂ ਵਿੱਚ ਤਨਾਅ ਦੂਰ ਕਰਨ ਦੇ ਗੁਣ ਵੀ ਮੌਜੂਦ ਹਨ। ਹਾਲ ਹੀ ਵਿੱਚ ਇੱਕ ਸ਼ੋਧ ਵਿੱਚ ਪਤਾ ਚਲਿਆ ਹੈ ਕਿ ਤੁਲਸੀ ਤਨਾਅ ਤੋਂ ਬਚਾਉਂਦੀ ਹੈ। ਤਨਾਅ ਨੂੰ ਖ਼ੁਦ ਤੋਂ ਦੂਰ ਰੱਖਣ ਲਈ ਹਰ ਕਿਸੇ ਨੂੰ ਤੁਲਸੀ ਦੇ 12 ਪੱਤਿਆਂ ਦੀ ਰੋਜ਼ ਵਰਤੋਂ ਕਰਨੀ ਚਾਹੀਦੀ ਹੈ। ਇਸ ਨਾਲ ਕਾਫ਼ੀ ਫ਼ਾਇਦਾ ਹੁੰਦਾ ਹੈ।

6. ਇਨਫ਼ੈਕਸ਼ਨ ਅਤੇ ਚਮੜੀ ਰੋਗ: ਅਲਸਰ ਅਤੇ ਇਨਫੈਕਸ਼ਨ ਹੋਣ 'ਤੇ ਤੁਲਸੀ ਦੀਆਂ ਪੱਤੀਆਂ ਫ਼ਾਇਦੇਮੰਦ ਸਾਬਤ ਹੁੰਦੀਆਂ ਹਨ। ਰੋਜ਼ਾਨਾ ਤੁਲਸੀ ਨੂੰ ਚਬਾਉਣ ਨਾਲ ਇਨਫ਼ੈਕਸ਼ਨ ਦੂਰ ਹੋ ਜਾਂਦੀ ਹੈ। ਦਾਦ, ਖ਼ਾਰਸ਼ ਅਤੇ ਚਮੜੀ ਦੀਆਂ ਹੋਰ ਸਮੱਸਿਆਵਾਂ ਲਈ ਤੁਲਸੀ ਦੇ ਅਰਕ ਨੂੰ ਪ੍ਰਭਾਵਿਤ ਥਾਂਵਾਂ 'ਤੇ ਲਗਾਉਣ ਨਾਲ ਕੁਝ ਹੀ ਦਿਨ੍ਹਾਂ ਵਿੱਚ ਰੋਗ ਦੂਰ ਹੋ ਜਾਂਦਾ ਹੈ।

7. ਸਾਹ ਦੀ ਬਦਬੂ: ਤੁਲਸੀ ਦੀਆਂ ਸੁੱਕੀਆਂ ਪੱਤੀਆਂ ਨੂੰ ਸਰ੍ਹੋਂ ਦੇ ਤੇਲ ਵਿੱਚ ਮਿਲਾ ਕੇ ਦੰਦ ਸਾਫ਼ ਕਰਨ ਨਾਲ ਸਾਹ ਦੀ ਬਦਬੂ ਦੂਰ ਹੋ ਜਾਂਦੀ ਹੈ। ਸਿਰ ਦਰਦ ਵਿੱਚ ਤੁਲਸੀ ਇੱਕ ਵੱਧੀਆ ਦਵਾਈ ਦੇ ਤੌਰ 'ਤੇ ਕੰਮ ਕਰਦੀ ਹੈ। ਤੁਲਸੀ ਦਾ ਕਾੜ੍ਹਾ ਪੀਣ ਨਾਲ ਸਿਰ ਦਰਦ ਵਿੱਚ ਆਰਾਮ ਮਿਲਦਾ ਹੈ। ਅੱਖਾਂ ਵਿੱਚ ਜਲਨ ਹੋਣ 'ਤੇ ਤੁਲਸੀ ਕਾਰਗਾਰ ਸਾਬਤ ਹੁੰਦੀ ਹੈ। ਰੋਜ਼ਾਨਾ ਤੁਲਸੀ ਦੇ ਅਰਕ ਦੀਆਂ ਦੋ ਬੂੰਦਾਂ ਅੱਖਾਂ ਵਿੱਚ ਪਾਉਣੀਆਂ ਚਾਹੀਦੀਆਂ ਹਨ।

ਡੇਂਗੂ ਦਾ ਇਲਾਜ ਤੇ ਸਾਵਧਾਨੀਆਂ

ਨਰਿੰਦਰ ਕੁਮਾਰ ਭਦੌੜੀਆ (ਡਾ.)

ਡੇਂਗੂ ਇੱਕ ਵਾਇਰਸ ਦਾ ਨਾਮ ਹੈ। ਡੇਂਗੂ ਹੋਣ ਦਾ ਕਾਰਨ ਇਨਫੈਕਸ਼ਨ ਹੁੰਦਾ ਹੈ। ਇਹ ਇਨਫੈਕਸ਼ਨ ਡੇਂਗੂ ਦੇ ਕਰੀਬ ਚਾਰ ਤਰ੍ਹਾਂ ਦੇ ਵਾਇਰਸ ਕਰਕੇ ਹੁੰਦਾ ਹੈ। ਇਹ ਵਾਇਰਸ ਹਨ 45ਐਨਵੀ1, 45ਐਨਵੀ 2, 45ਐਨਵੀ 3 ਅਤੇ 45 ਐਨਵੀ4। ਡੇਂਗੂ ਬੁਖ਼ਾਰ, ਡੇਂਗੂਗ੍ਰਸਤ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਜਿਸਦਾ ਨਾਮ ਏਡੀਜ਼ ਹੈ। ਇਹ ਇੱਕ ਮਨੁੱਖ, ਜਿਸਨੂੰ ਡੇਂਗੂ ਹੈ, ਰਾਹੀਂ ਇਕ ਮਨੁੱਖ ਤੋਂ ਦੂਸਰੇ ਮਨੁੱਖ ਤੱਕ ਏਡੀਜ਼ ਮੱਛਰ ਫੈਲਾਉਂਦਾ ਹੈ। ਇਸ ਮੱਛਰ ਦੇ ਸਰੀਰ ਅਤੇ ਲੱਤਾਂ 'ਤੇ ਕਾਲੇ ਅਤੇ ਚਿੱਟੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ। ਇਸ ਕਰਕੇ ਇਸ ਨੂੰ ਚੀਤਾ ਮੱਛਰ ਵੀ ਕਿਹਾ ਜਾਂਦਾ ਹੈ। ਇਹ ਮੱਛਰ ਦਿਨ ਸਮੇਂ ਕੱਟਦਾ ਹੈ। ਮਾਦਾ ਮੱਛਰ ਆਪਣੇ ਆਂਡੇ ਸਾਫ ਪਾਣੀ ਦੇ ਕੰਟੇਨਰਾਂ ਵਿੱਚ ਹੀ ਦਿੰਦੀ ਹੈ।

ਸਿਰਫ ਮਾਦਾ ਮੱਛਰ ਹੀ ਡੰਗ ਮਾਰਦਾ ਹੈ ਕਿਉਂਕਿ ਇਸਨੂੰ ਆਂਡੇ ਦੇਣ ਲਈ ਪ੍ਰੋਟੀਨ ਦੀ ਜ਼ਰੂਰਤ ਹੁੰਦੀ ਹੈ ਜੋ ਇਸ ਨੂੰ ਮਨੁੱਖੀ ਖ਼ੂਨ ਚੋਂ ਮਿਲ ਜਾਂਦੀ ਹੈ। ਇਸ ਨਾਲ ਇਸ ਦੇ ਆਂਡੇ ਨੂੰ ਵਧਣ ਵਿੱਚ ਆਸਾਨੀ ਹੋ ਜਾਂਦੀ ਹੈ। ਇਸ ਮੱਛਰ ਦੇ ਕੱਟਣ ਤੋਂ ਸੱਤ ਦਿਨਾਂ ਬਾਅਦ ਇਸ ਦਾ ਵਾਇਰਸ ਮਨੁੱਖੀ ਸਰੀਰ 'ਚ ਘਰ ਕਰ ਜਾਂਦਾ ਹੈ।

ਇਕ ਮਾਦਾ ਏਡੀਜ਼ ਦੀ ਉਮਰ ਲਗਪਗ ਤਿੰਨ ਹਫਤੇ ਮੰਨੀ ਜਾਂਦੀ ਹੈ। ਪ੍ਰੰਤੂ ਇਹ ਮਾਦਾ ਮੱਛਰ ਆਪਣੀ ਉਮਰ ਵਿੱਚ 3 ਜਾਂ 4 ਵਾਰੀ ਆਂਡੇ ਦਿੰਦੀ ਹੈ। ਹਰ ਵਾਰ ਦਿੱਤੇ ਆਂਡਿਆਂ ਦੀ ਗਿਣਤੀ ਕਰੀਬ 200-250 ਹੁੰਦੀ ਹੈ।

ਵੱਡੇ ਬਣ ਚੁੱਕੇ ਮੱਛਰ ਆਮ ਤੌਰ 'ਤੇ ਹਨੇਰੇ ਥਾਵਾਂ ਉਪਰ ਜਿਵੇਂ ਕਿ ਕਮਰੇ ਵਿੱਚ ਬੈਡ ਦੇ ਹੇਠਾਂ, ਪਰਦਿਆਂ ਦੇ ਪਿੱਛੇ, ਕੁਰਸੀਆਂ ਅਤੇ ਮੇਜ਼ਾਂ ਦੇ ਥੱਲੇ ਲੁਕ ਕੇ ਬੈਠਦੇ ਹਨ। ਇਨ੍ਹਾਂ ਦੇ ਡੰਗ ਮਾਰਨ ਲਈ ਉਡਣ ਦੀ ਸਮਰੱਥਾ ਬਹੁਤ ਥੋੜੀ ਹੁੰਦੀ ਹੈ। ਇਹ ਮੱਛਰ ਤਕਰੀਬਨ 400 ਮੀਟਰ ਤਕ ਉਡਾਰੀ ਮਾਰ ਸਕਦਾ ਹੈ। ਸਾਫ ਪਾਣੀ ਨਾਲ ਭਰੇ ਹੋਏ ਕੰਟੇਨਰ, ਪਾਣੀ ਵਾਲੇ ਘੜੇ, ਪੁਰਾਣੇ ਸਕੂਟਰਾਂ ਸਾਈਕਲਾਂ ਦੇ ਟਾਇਰ, ਗਮਲੇ ਅਤੇ ਹੋਰ ਅਜਿਹਾ ਸਾਮਾਨ, ਜਿਸ ਵਿੱਚ ਪਾਣੀ ਖੜ੍ਹਾ ਹੋਵੇ, ਆਂਡੇ ਦੇਣ ਲਈ ਵਰਤਦੇ ਹਨ। ਇਸ ਦਾ ਸਿੱਧਾ ਮਤਲਬ ਇਹ ਨਿਕਲਦਾ ਹੈ ਕਿ ਇਹ ਮੱਛਰ ਹੌਲੀ ਹੌਲੀ ਆਪਣੇ ਆਂਡਿਆਂ ਨਾਲ ਇਸ ਬਿਮਾਰੀ ਨੂੰ ਬਹੁਤ ਹੀ ਆਸਾਨੀ ਨਾਲ ਫੈਲਾਅ ਦਿੰਦੇ ਹਨ। ਡੇਂਗੂ ਮਾਦਾ ਮੱਛਰ ਕਦੇ ਵੀ ਆਪਣੇ ਆਂਡੇ ਦੇਣ ਲਈ ਚੱਲਦੇ ਪਾਣੀ ਦਾ ਇਸਤੇਮਾਲ ਜਿਵੇਂ ਸੂਏ, ਨਹਿਰਾਂ, ਡਰੇਨਾਂ, ਨਦੀਆਂ, ਝੀਲਾਂ ਆਦਿ ਨੂੰ ਨਹੀਂ ਵਰਤਦੇ।



ਦੇਖਣ ਵਿੱਚ ਆਇਆ ਹੈ ਕਿ ਮਾਦਾ ਮੱਛਰ ਦੇ ਡੰਗ ਮਾਰਨ ਤੋਂ 5-6 ਦਿਨਾਂ ਬਾਅਦ ਮੱਛਰ ਦੀ ਇਨਫੈਕਸ਼ਨ ਮਨੁੱਖੀ ਸਰੀਰ ਵਿੱਚ ਘਰ ਕਰਦੀ ਹੈ। ਇਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਕਿਸੇ ਵੀ ਡੇਂਗੂ ਮਾਦਾ ਮੱਛਰ ਦੇ ਕੱਟਣ ਮੌਕੇ ਇਨਫੈਕਸ਼ਨ ਨਹੀਂ ਹੁੰਦੀ ਸਗੋਂ 5- 6 ਦਿਨਾਂ ਵਿੱਚ ਇਸਦਾ ਅਸਰ ਹੋਣਾ ਸ਼ੁਰੂ ਹੁੰਦਾ ਹੈ। ਡੇਂਗੂ ਦਾ ਮੱਛਰ ਆਮ ਕਰਕੇ ਦਿਨ ਵੇਲੇ ਡੰਗ ਮਾਰਦਾ ਹੈ। ਇਹ ਦੇਖਣ ਵਿੱਚ ਆਇਆ ਹੈ ਕਿ ਇਹ ਸੂਰਜ ਨਿਕਲਣ ਤੋਂ ਦੋ ਘੰਟੇ ਬਾਅਦ ਅਤੇ ਸ਼ਾਮ ਨੂੰ ਸੂਰਜ ਛਿਪਣ ਤੋਂ ਦੋ ਘੰਟੇ ਪਹਿਲਾਂ ਐਕਟਿਵ ਰਹਿੰਦਾ ਹੈ ਭਾਵ ਡੇਂਗੂ ਦਾ ਮੱਛਰ ਸਿਰਫ ਦਿਨ ਸਮੇਂ ਹੀ ਕੱਟਦਾ ਹੈ। ਇਸ ਤੋਂ ਬਚਣ ਲਈ ਪੂਰੀਆਂ ਬਾਹਾਂ ਦੇ ਕੱਪੜੇ ਪਹਿਨੋ। ਇਸ ਤਰ੍ਹਾਂ ਦੇ ਕੱਪੜੇ ਪਾਉ ਜਿਸ ਨਾਲ ਪੂਰਾ ਸਰੀਰ ਢੱਕਿਆ ਜਾਵੇ। ਦਿਨ ਸਮੇਂ ਮੱਛਰ ਭਜਾਉਣ ਵਾਲੀਆਂ ਕਰੀਮਾਂ, ਗੁੱਡ ਨਾਈਟ, ਆਦਿ ਦਾ ਇਸਤੇਮਾਲ ਕਰੋ। ਖਾਸ ਕਰਕੇ ਬੱਚਿਆਂ ਅਤੇ ਬਜ਼ੁਰਗਾਂ ਦਾ ਧਿਆਨ ਰੱਖੋ ਕਿਉਂਕਿ ਦਿਨ ਸਮੇਂ ਜ਼ਿਆਦਾਤਾਰ ਬੱਚੇ ਅਤੇ ਬਜ਼ੁਰਗ ਆਰਾਮ ਕਰਦੇ ਹਨ। ਡੇਂਗੂ ਦੀਆਂ ਨਿਸ਼ਾਨੀਆਂ: ਤੇਜ਼ ਸਿਰ ਦਰਦ ਹੋਣਾ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਜ਼ਿਆਦਾ ਦਰਦ ਮਹਿਸੂਸ ਹੋਣਾ, ਮਾਸਪੇਸ਼ੀਆਂ ਦਾ ਦਰਦ, ਜੋੜਾਂ ਦਾ ਦਰਦ, ਖਾਰਸ਼ ਨਾਲ ਦਾਣੇ ਨਿਕਲਣਾ ਅਤੇ ਨੱਕ ਤੇ ਮਸੂੜਿਆਂ ਵਿਚੋਂ ਖ਼ੂਨ ਵਗਣਾ। ਇਹ ਲੱਛਣ ਆਮ ਤੌਰ 0ਤੇ ਡੇਂਗੂ ਦੀ ਬਿਮਾਰੀ ਗ੍ਰਸਤ ਮੱਛਰ ਦੇ ਕੱਟਣ ਤੇ ਦਿਖਾਈ ਦਿੰਦੇ ਹਨ। ਇਥੇ ਇਹ ਵੀ ਜਿਕਰਯੋਗ ਹੈ ਕਿ ਇਹ ਉਪਰੋਕਤ ਲੱਛਣ ਹੋਣ ਦਾ ਮਤਲਬ ਇਹ ਵੀ ਨਹੀਂ ਹੈ ਕਿ ਜਿਸ ਮਨੁੱਖ 0ਚ ਇਹ ਲੱਛਣ ਹੋਣ ਉਸ ਨੂੰ ਡੇਂਗੂ ਹੋਣਾ ਯਕੀਨੀ ਹੈ। ਜੇ ਕਿਸੇ ਮਨੁੱਖ ਨੂੰ ਲੱਗਦਾ ਹੈ ਕਿ ਉਸ ਵਿੱਚ ਡੇਂਗੂ ਬੁਖ਼ਾਰ ਦੇ ਲੱਛਣ ਹਨ ਤਾਂ ਉਹ ਜਲਦੀ ਡਾਕਟਰ ਕੋਲ ਜਾ ਕੇ ਆਪਣੇ ਖ਼ੂਨ ਦੇ ਸੈਂਪਲ ਦੇ ਸਕਦਾ ਹੈ। ਸੈਂਪਲ ਦੀ ਰਿਪੋਰਟ ਆਉਣ ਤੇ ਸਾਫ ਹੋ ਜਾਂਦਾ ਹੈ ਕਿ ਡੇਂਗੂ ਹੈ ਜਾਂ ਨਹੀ। ਡੇਂਗੂ ਦੇ ਟੈਸਟ ਦੋ ਪ੍ਰਕਾਰ ਦੇ ਹੁੰਦੇ ਹਨ। ਇਕ ਟੈਸਟ ਪਹਿਲੇ ਪੰਜ ਦਿਨ ਵਿੱਚ ਡੇਂਗੂ ਦੇ ਲੱਛਣ ਮਹਿਸੂਸ ਹੋਣ ਅਤੇ ਦੂਜਾ ਟੈਸਟ ਪੰਜ ਦਿਨਾਂ ਤੋਂ ਬਾਅਦ ਹੁੰਦਾ ਹੈ। ਸਾਧਾਰਨ ਡੇਂਗੂ ਬੁਖ਼ਾਰ ਵਿੱਚ ਮੌਤ ਨਹੀਂ ਹੁੰਦੀ ਅਤੇ ਲਗਭਗ ਇੱਕ ਹਫਤੇ ਬਾਅਦ ਮਰੀਜ਼ ਠੀਕ ਹੋ ਜਾਂਦਾ ਹੈ। ਪਰ ਜੇਕਰ ਮਰੀਜ਼ ਨੂੰ ਅਗਲੇ ਪੜਾਅ ਡੇਂਗੂ ਸੋਕ ਸਿੰਡਰਮ ਦੇ ਲੱਛਣ ਹੋਣ ਅਤੇ ਸਮੇਂ ਸਿਰ ਭਰਤੀ ਨਾ ਕਰਵਾਇਆ ਜਾਵੇ ਤਾਂ ਜਾਨਲੇਵਾ ਹੋ ਸਕਦਾ ਹੈ। 3 ਤੋਂ 5 ਦਿਨਾ ਦੇ ਬੁਖਾਰ ਤੋ ਬਾਅਦ ਉਪਰੋਕਤ ਲੱਛਣ ਦਿਖਾਈ ਦੇਣ ਤਾਂ ਮਰੀਜ਼ ਨੂੰ ਤੁਰੰਤ ਹਸਪਤਾਲ ਭਰਤੀ ਕਰਵਾ ਦੇਣਾ ਚਾਹੀਦਾ ਹੈ। ਨਵਜੰਮੇ ਬੱਚੇ ਅਤੇ ਛੋਟੇ ਬੱਚੇ ਇਸਦਾ ਜਲਦੀ ਸ਼ਿਕਾਰ ਹੋ ਸਕਦੇ ਹਨ। ਸਹੀ ਸਮੇਂ ਕੀਤਾ ਗਿਆ ਇਲਾਜ ਡੇਂਗੂ ਮਰੀਜ਼ ਦੀ ਜ਼ਿੰਦਗੀ ਬਚਾ ਸਕਦਾ ਹੈ। ਇਸ ਵਿੱਚ ਦੇਰੀ ਹੋਣ ਕਾਰਨ ਮੌਤ ਦਾ ਖ਼ਤਰਾ ਵੀ ਬਣਿਆ ਰਹਿੰਦਾ ਹੈ।

ਡੇਂਗੂ ਦੇ ਚਿੰਨ੍ਹ: ਜ਼ਿਆਦਾ ਪੇਟ ਦਰਦ ਅਤੇ ਵਾਰ-ਵਾਰ ਉਲਟੀ ਆਉਣਾ। ਲਾਲ ਰੰਗ ਦੇ ਧੱਬੇ ਜਾਂ ਚਮੜੀ ਦੇ ਪੈਚਿਜ। ਨੱਕ ਰਾਹੀਂ ਖ਼ੂਨ ਦਾ ਆਉਣਾ। ਉਲਟੀ ਰਾਹੀਂ ਖ਼ੂਨ ਦਾ ਆਉਣਾ। ਸਾਹ ਲੈਣ ਵੇਲੇ ਤਕਲੀਫ ਹੋਣਾ। ਜਿਸ ਮਰੀਜ਼ ਨੂੰ ਇਕ ਵਾਰ ਡੇਂਗੂ ਹੋ ਚੁੱਕਾ ਹੋਵੇ ਉਸ ਨੂੰ ਦੁਬਾਰਾ ਵੀ ਡੇਂਗੂ ਹੋਣ ਦੇ ਆਸਾਰ ਹਨ, ਪਰ ਦੂਸਰੀ ਕਿਸਮ ਦੇ ਵਾਇਰਸ ਤੋਂ।

ਤੰਦਰੁਸਤ ਦਿਖਣ ਵਾਲਾ ਵਿਅਕਤੀ ਵੀ ਡੇਂਗੂ ਦਾ ਮਰੀਜ਼ ਹੋ ਸਕਦਾ ਹੈ। ਜ਼ਿਆਦਾਤਰ ਮਰੀਜ਼ ਡੇਂਗੂ ਬੁਖਾਰ ਦਾ ਇਲਾਜ ਆਪਣੇ ਘਰ ਕਰਵਾਉਂਦੇ ਹਨ ਕਿਉਂਕਿ ਆਪਣੇ ਘਰ ਵਿੱਚ ਮਰੀਜ਼ ਸੁਖਾਵਾਂ ਰਹਿ ਕੇ ਆਪਣੇ ਖਾਣ ਪੀਣ ਦਾ ਜ਼ਿਆਦਾ ਧਿਆਨ ਰੱਖ ਸਕਦਾ ਹੈ।

ਸੰਪਰਕ: 95014-00972

ਮੁੱਢਲੀ ਸਹਾਇਤਾ ਦਾ ਮਹੱਤਵ

ਨਰੇਸ਼ ਪਠਾਣੀਆ

ਦੁਨੀਆ ਭਰ ਦੇ ਲੋਕਾਂ ਅੰਦਰ ਫ਼ਸਟ ਏਡ ਦੀ ਮਹੱਤਤਾ ਨੂੰ ਪ੍ਰਗਟ ਕਰਨ ਅਤੇ ਉਨ੍ਹਾਂ ਨੂੰ ਫ਼ਸਟ ਏਡ ਦਾ ਗਿਆਨ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨ ਵ

ਝੋਨੇ ਦੀ ਨਮੀ ਸਬੰਧੀ ਨਿਯਮਾਂ 'ਚ ਛੋਟ ਦੇਵੇ ਕੇਂਦਰ ਸਰਕਾਰ: ਅਮਨ ਅਰੋੜਾ

ਕੌਮੀ ਪਤ੍ਰਿਕਾ

ਚੀਮਾ ਮੰਡੀ, ਸੁਨਾਮ 25 ਸਤੰਬਰ। ਮੰਡੀਆਂ ਬਾਬਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ??ਕਰਨ ਅਤੇ ਕਿਸਾਨਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਇੱਕ ਵੱਡੇ ਕਦਮ ਵਜੋਂ, ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਮਾਰਕਿਟ ਕਮੇਟੀ ਚੀਮਾ ਦੀਆਂ ਵੱਖ-ਵੱਖ ਅਨਾਜ ਮੰਡੀਆਂ ਅਤੇ ਖਰੀਦ ਕੇਂਦਰਾਂ ਵਿਚ ਕਰੀਬ 01 ਕਰੋੜ 32 ਲੱਖ ਰੁਪਏ ਦੇ ਨਿਵੇਸ਼ ਨਾਲ ਸਟੀਲ ਕਵਰ ਸ਼ੈੱਡਾਂ ਦੇ ਨਿਰਮਾਣ ਲਈ ਨੀਂਹ ਪੱਥਰ ਰੱਖੇ। ਇਨ੍ਹਾਂ ਪ੍ਰਾਜੈਕਟਾਂ ਦਾ ਕੰਮ 02 ਮਹੀਨੇ ਵਿੱਚ ਮੁਕੰਮਲ ਕਰ ਲਿਆ ਜਾਵੇਗਾ। ਪਿੰਡ ਢੱਡਰੀਆਂ ਦੀ ਅਨਾਜ ਮੰਡੀ ਵਿਖੇ ਨੀਂਹ ਪੱਥਰ ਰੱਖਣ ਮੌਕੇ ਕੈਬਨਿਟ ਮੰਤਰੀ ਅਰੋੜਾ ਨੇ ਦੱਸਿਆ ਕਿ ਇਹਨਾਂ ਸ਼ੈੱਡਾਂ ਜ਼ਰੀਏ ਇਹ ਯਕੀਨੀ ਬਣਾਇਆ ਜਾਵੇਗਾ ਕਿ ਖਰੀਦ ਸੀਜ਼ਨ ਦੌਰਾਨ ਕਿਸਾਨ ਅਤੇ ਉਨ੍ਹਾਂ ਦੀ ਉਪਜ ਮੌਸਮੀ ਸਥਿਤੀਆਂ ਤੋਂ ਸੁਰੱਖਿਅਤ ਰਹੇ ਅਤੇ ਨਾਲ ਹੀ ਮੰਡੀ ਦੇ ਕੰਮਕਾਜ ਨੂੰ ਵੀ ਸੁਚਾਰੂ ਬਣਾਇਆ ਜਾਵੇ।ਇਸ ਵਿਕਾਸ ਪ੍ਰੋਜੈਕਟ ਤਹਿਤ 100'⁄50' ਆਕਾਰ ਦੇ ਤਿੰਨ ਵੱਡੇ ਸ਼ੈੱਡ ਅਨਾਜ ਮੰਡੀ ਝਾੜੋਂ ਵਿਖੇ ਕਰੀਬ 31.66 ਲੱਖ ਰੁਪਏ, ਢੱਡਰੀਆਂ ਵਿਖੇ ਕਰੀਬ 31.66 ਲੱਖ ਰੁਪਏ ਅਤੇ ਸ਼ੇਰੋਂ ਵਿਖੇ 31.66 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਜਾਣਗੇ।ਇਸ ਤੋਂ ਇਲਾਵਾ, 35'⁄35' ਦੇ ਪੰਜ ਦਰਮਿਆਨੇ ਆਕਾਰ ਦੇ ਸ਼ੈੱਡ ਦਿਆਲਗੜ੍ਹ ਮੰਡੀ ਵਿਖੇ ਕਰੀਬ 07.35 ਲੱਖ ਰੁਪਏ, ਸ਼ਾਹਪੁਰ ਕਲਾਂ ਦੀ ਮੰਡੀ ਵਿਖੇ 07.35 ਲੱਖ, ਤੋਲਾਵਾਲ ਮੰਡੀ ਵਿਖੇ 07.35 ਲੱਖ ਰੁਪਏ, ਤੋਗਾਵਾਲ ਮੰਡੀ ਵਿਖੇ 07.35 ਲੱਖ ਰੁਪਏ, ਲੋਹਾ ਖੇੜਾ ਮੰਡੀ ਵਿਖੇ 07.35 ਲੱਖ ਰੁਪਏ ਦੀ ਲਾਗਤ ਨਾਲ ਸ਼ੈੱਡ ਬਣਾਏ ਜਾਣਗੇ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ

ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਅਤੇ ਮੰਡੀਆਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਸਟੀਲ ਸ਼ੈੱਡ ਵਰਗੇ ਬੁਨਿਆਦੀ ਢਾਂਚੇ ਵਿਚ ਸਮੇਂ ਸਿਰ ਨਿਵੇਸ਼ ਕਰਨ ਨਾਲ ਖਰੀਦ ਦੌਰਾਨ ਆਉਣ ਵਾਲੀਆਂ ਮੁਸ਼ਕਲਾਂ ਘੱਟ ਹੋਣਗੀਆਂ, ਖਾਸ ਕਰ ਕੇ ਅਚਾਨਕ ਬਾਰਿਸ਼ ਹੋਣ ਦੀ ਸਥਿਤੀ ਵਿੱਚ, ਅਤੇ ਕਿਸਾਨਾਂ ਤੇ ਖਰੀਦ ਏਜੰਸੀਆਂ ਦੋਵਾਂ ਨੂੰ ਲੰਬੇ ਸਮੇਂ ਲਈ ਲਾਭ ਮਿਲੇਗਾ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ, ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੋਣ ਦੇ ਨਾਤੇ, ਖਰੀਦ ਨੈੱਟਵਰਕ ਨੂੰ ਨਿਰੰਤਰ ਮਜ਼ਬੂਤ ??ਕਰਨ ਦੀ ਲੋੜ ਹੈ, ਅਤੇ ਇਸ ਤਰ੍ਹਾਂ ਦੇ ਪ੍ਰੋਜੈਕਟ ਕਿਸਾਨਾਂ ਨੂੰ ਅਤਿ ਆਧੁਨਿਕ ਸਹੂਲਤਾਂ ਮਿਲਣ ਨੂੰ ਯਕੀਨੀ ਬਣਾਉਣਗੇ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਮੰਡੀਆਂ ਵਿਚ ਝੋਨੇ ਦੀ ਖਰੀਦ ਲਈ ਪ੍ਰਬੰਧ ਪੂਰੇ ਹਨ ਤੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ। ਸ਼੍ਰੀ ਅਰੋੜਾ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਹੋਈ ਭਾਰੀ ਬਰਸਾਤ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਝੋਨੇ ਦੀ ਖਰੀਦ ਬਾਬਤ ਨਮੀ ਸਬੰਧੀ ਨਿਯਮਾਂ ਵਿੱਚ ਢਿੱਲ ਦਿੱਤੀ ਜਾਵੇ। ਖ਼ਰਾਬ ਰਹੇ ਮੌਸਮ ਕਾਰਨ ਨਮੀ ਵੱਧ ਹੋ ਸਕਦੀ ਹੈ, ਦਾਣਾ ਬਦਰੰਗ ਵੀ ਹੋ ਸਕਦਾ ਹੈ ਅਤੇ ਟੋਟਾ ਵੀ ਵੱਧ ਆ ਸਕਦਾ ਹੈ।ਸ਼੍ਰੀ ਅਰੋੜਾ ਨੇ ਕਿਹਾ ਕਿ ਕਿਸਾਨਾਂ ਦੀਆਂ ਕਈ ਮਜਬੂਰੀਆਂ ਹੁੰਦੀਆਂ ਹਨ ਪਰ ਕਿਸਾਨਾਂ ਨੂੰ ਅਪੀਲ ਹੈ ਕਿ ਪਰਾਲੀ ਨੂੰ ਕਿਸੇ ਵੀ ਹਾਲ ਅੱਗ ਨਾ ਲਾਈ ਜਾਵੇ। ਪੰਜਾਬ ਸਰਕਾਰ ਵੱਲੋਂ ਮੁਹਈਆ ਕਰਵਾਈ ਪਰਾਲੀ ਪ੍ਰਬੰਧਨ ਮਸ਼ੀਨਰੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ। ਸੀ.ਐਨ.ਜੀ. ਅਤੇ ਸੀ.ਪੀ.ਜੀ. ਦੇ ਕਈ ਪਲਾਂਟ ਲੱਗ ਗਏ ਹਨ, ਜਿਨ੍ਹਾਂ ਨੂੰ ਪਰਾਲੀ ਦੀ ਲੋੜ ਹੁੰਦੀ ਹੈ। ਕਿਸਾਨ ਇਹਨਾਂ ਪਲਾਟਾਂ ਨੂੰ ਵੀ ਪਰਾਲੀ ਦੇ ਕੇ ਮੁਨਾਫ਼ਾ ਖੱਟ ਸਕਦੇ ਹਨ।ਇਸ ਮੌਕੇ 'ਤੇ ਸਥਾਨਕ ਕਿਸਾਨਾਂ ਅਤੇ ਮਾਰਕੀਟ ਕਮੇਟੀ ਦੇ ਨੁਮਾਇੰਦਿਆਂ ਨੇ ਸਰਕਾਰ ਦੇ ਇਸ ਕਦਮ ਦਾ ਸਵਾਗਤ ਕੀਤਾ ਅਤੇ ਮੰਡੀ ਦੇ ਬੁਨਿਆਦੀ ਢਾਂਚੇ ਸਬੰਧੀ ਲੰਬੇ ਸਮੇਂ ਤੋਂ ਬਕਾਇਆ ਮੰਗਾਂ ਨੂੰ ਹੱਲ ਕਰਨ ਲਈ ਸਰਕਾਰ ਦਾ ਧੰਨਵਾਦ ਕੀਤਾ।ਨੀਂਹ ਪੱਥਰ ਸਮਾਗਮਾਂ ਦੌਰਾਨ ਮਾਰਕੀਟ ਕਮੇਟੀਆਂ ਦੇ ਅਹੁਦੇਦਾਰ, ਮੈਂਬਰ, ਕਿਸਾਨ ਅਤੇ ਸਥਾਨਕ ਨਿਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

ਪੰਜਾਬ ਦੇ ਲੋਕਾਂ ਨੂੰ ਦੋ ਵੱਡੀਆਂ ਸੌਗਾਤਾਂ ਦੇਣ ਲਈ ਸੁਨੀਲ ਜਾਖੜ ਨੇ ਕੇਂਦਰ ਦਾ ਕੀਤਾ ਧੰਨਵਾਦ

ਫਿਰੋਜ਼ਪੁਰ/ਚੰਡੀਗੜ੍ਹ 25 ਸਤੰਬਰ। ਰੇਲਵੇ ਨੇ ਪੰਜਾਬ ਵਾਸੀਆਂ ਨੂੰ ਇੱਕ ਮਹੱਤਵਪੂਰਨ ਤੋਹਫ਼ਾ ਦਿੱਤਾ ਹੈ। ਵੰਦੇ ਭਾਰਤ ਟ?ਰੇਨ ਹੁਣ ਫਿਰੋਜ਼ਪੁਰ ਤੋਂ ਦਿੱਲੀ ਤੱਕ ਚੱਲੇਗੀ। ਇਸ ਦੀ ਜਾਣਕਾਰੀ ਪੰਜਾਬ ਪ੍ਰਧਾਨ ਸੁਨੀਲ ਜਾਖੜ ਨੇ ਟਵੀਟ ਕਰ ਸਾਂਝੀ ਕੀਤੀ ਹੈ। ਉਨ੍ਹਾਂ ਕਿਹਾ ਕਿ "ਭਾਰਤੀ ਰੇਲਵੇ ਨੇ ਪੰਜਾਬ ਨੂੰ ਅੱਜ ਦੋ ਵੱਡੀਆਂ ਸੌਗਾਤਾਂ ਦਿੱਤੀਆਂ ਹਨ। ਰਾਜਪੁਰਾ ਤੋਂ ਮੋਹਾਲੀ ਨਵੀਂ ਰੇਲ ਲਾਈਨ, ਦਹਾਕਿਆਂ ਪੁਰਾਣੀ ਮੰਗ ਸੀ ਜਿਸ ਨੂੰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਪ੍ਰਵਾਨ ਕੀਤਾ ਹੈ। ਇਸ ਨਾਲ ਪੂਰੇ ਮਾਲਵਾ ਖਿੱਤੇ ਤੋਂ ਚੰਡੀਗੜ੍ਹ ਨਾਲ ਰੇਲ ਸੰਪਰਕ ਹੋਰ ਬਿਹਤਰ ਹੋਵੇਗਾ। ਦੂਸਰਾ ਫਿਰੋਜ਼ਪੁਰ ਤੋਂ ਦਿੱਲੀ ਤੱਕ ਲਈ ਨਵੀਂ ਵੰਦੇ ਭਾਰਤ ਟ?ਰੇਨ ਦਾ ਐਲਾਨ ਕੀਤਾ ਗਿਆ ਹੈ। ਮੈਂ ਇਸ ਲਈ ਕੇਂਦਰੀ ਰੇਲ ਮੰਤਰੀ ਸ੍ਰੀ ਅਸ਼ਵਨੀ ਵੈਸ਼ਨਵ ਅਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਵੀ ਵਿਸੇਸ਼ ਤੌਰ 'ਤੇ ਧੰਨਵਾਦ ਕਰਦਾ ਹਾਂ।" ਦੱਸ ਦੇਈਏ ਕਿ ਇਹ ਟ?ਰੇਨ ਬੁੱਧਵਾਰ ਨੂੰ ਛੱਡ ਕੇ ਹਫ਼ਤੇ ਵਿੱਚ ਛੇ ਦਿਨ ਫਿਰੋਜ਼ਪੁਰ ਅਤੇ ਦਿੱਲੀ ਵਿਚਕਾਰ ਚੱਲੇਗੀ। ਇਸ ਨਾਲ ਯਾਤਰੀਆਂ ਨੂੰ ਬਹੁਤ ਫਾਇਦਾ ਹੋਵੇਗਾ। ਇੱਕ ਪ੍ਰਸਤਾਵ ਤਿਆਰ ਕੀਤਾ ਗਿਆ ਹੈ, ਅਤੇ ਪ੍ਰਧਾਨ ਮੰਤਰੀ ਮੋਦੀ ਜਲਦੀ ਹੀ ਇਸਨੂੰ ਮਨਜ਼ੂਰੀ ਦੇਣਗੇ। ਰੇਲ ਮੰਤਰੀ ਅਸ਼ਵਨੀ ਵੈਸ਼ਨਵ ਨੇ ਵੀ ਇਸ ਦੀ ਜਾਣਕਾਰੀ ਦਿੱਤੀ ਹੈ। ਫਿਰੋਜ਼ਪੁਰ ਦੇ ਲੋਕ ਲੰਮੇ ਸਮੇਂ ਤੋਂ ਦਿੱਲੀ ਲਈ ਵੰਦੇ ਭਾਰਤ ਟ?ਰੇਨ ਦੀ ਮੰਗ ਕਰ ਰਹੇ ਸਨ। ਇਹ ਟ?ਰੇਨ ਫਿਰੋਜ਼ਪੁਰ ਕੈਂਟ ਤੋਂ ਰਵਾਨਾ ਹੋਵੇਗੀ ਅਤੇ ਬਠਿੰਡਾ, ਧੂਰੀ, ਪਟਿਆਲਾ, ਅੰਬਾਲਾ ਕੈਂਟ, ਕੁਰੂਕਸ਼ੇਤਰ ਅਤੇ ਪਾਣੀਪਤ ਰਾਹੀਂ ਦਿੱਲੀ ਪਹੁੰਚੇਗੀ। ਰਾਜਪੁਰਾ ਤੋਂ ਮੋਹਾਲੀ ਰੇਲਵੇ ਲਾਈਨ ਨਾਲ ਮਾਲਵਾ ਖੇਤਰ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਇਹ 18 ਕਿਲੋਮੀਟਰ ਲੰਬਾ ਟ?ਰੈਕ ਮੋਹਾਲੀ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚੋਂ ਲੰਘੇਗਾ।

ਪੰਜਾਬ 'ਚ ਹੜ੍ਹ ਪ੍ਰਭਾਵਿਤ ਪਿੰਡਾਂ ਤੇ ਕਸਬਿਆਂ 'ਚ ਸਕੂਲਾਂ ਨੂੰ ਲੈ ਕੇ ਜਾਰੀ ਹੋਏ ਨਵੇਂ ਹੁਕਮ

ਅਜਨਾਲਾ/ਜਲੰਧਰ 25 ਸਤੰਬਰ। ਹੜ੍ਹ ਪ੍ਰਭਾਵਿਤ ਪਿੰਡਾਂ ਤੇ ਕਸਬਿਆਂ 'ਚ ਦੇ ਸਕੂਲਾਂ ਲਈ ਨਵੇਂ ਹੁਕਮ ਜਾਰੀ ਕੀਤੇ ਗਏ ਹਨ। ਦਰਅਸਲ ਅਜਨਾਲਾ ਸ਼ਹਿਰ ਦੀ ਅਬਾਦੀ ਭੱਖਾ ਤਾਰਾ ਸਿੰਘ ਵਾਰਡ ਨੰਬਰ-10 ਦੇ ਭਾਰੀ ਬਰਸਾਤਾਂ ਦੇ ਪਾਣੀ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਰਕਾਰੀ ਐਲੀਮੈਂਟਰੀ ਸਕੂਲ ਨੂੰ ਬੱਚਿਆਂ ਦੇ ਬੈਠਣ ਅਤੇ ਪੜ੍ਹਾਈ ਦੇ ਯੋਗ ਬਣਾਉਣ ਲਈ ਸਕੂਲ ਕੰਪਲੈਕਸ 'ਚ ਉੱਗੀ ਬੂਟੀ ਅਤੇ ਘਾਹ ਸਮੇਤ ਕਮਰਿਆਂ ਦੀ ਸਾਫ਼-ਸਫ਼ਾਈ ਲਈ ਹਲਕਾ ਸਿੱਖਿਆ ਕੋ-ਆਰਡੀਨੇਟਰ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਦੀ ਪ੍ਰਧਾਨਗੀ 'ਚ ਚੱਲੀ ਸਫ਼ਾਈ ਮੁਹਿੰਮ 'ਚ ਖ਼ੁਦ ਸ਼ਾਮਲ ਹੋਣ ਮੌਕੇ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਗੱਲਬਾਤ ਦੌਰਾਨ ਕਿਹਾ ਕਿ ਹੜ ਪ੍ਰਭਾਵਿਤ ਸਕੂਲਾਂ ਦੀ ਸਫ਼ਾਈ ਦਾ ਕੰਮ ਲਗਭਗ ਮੁਕੰਮਲ ਹੋ ਚੁੱਕਾ ਹੈ ਅਤੇ ਭਲਕੇ ਮੰਗਲਵਾਰ 25 ਸਤੰਬਰ ਨੂੰ ਸਕੂਲ ਖੁੱਲ੍ਹਣਗੇ। ਧਾਲੀਵਾਲ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪੰਜਾਬ ਦੇ ਲੋਕਾਂ ਦਾ ਜਨ ਜੀਵਨ ਉੱਚਾ ਚੁੱਕਣ ਸਮੇਤ ਪੰਜਾਬ ਨੂੰ ਦੇਸ਼ ਭਰ 'ਚੋਂ ਮਿਆਰੀ ਮੁਫ਼ਤ ਸਿਹਤ ਸਹੂਲਤਾਂ ਤੇ ਸਿੱਖਿਆ ਕ੍ਰਾਂਤੀ ਦਾ ਹੱਬ ਬਣਾਉਣ ਦਾ ਤਹੱਈਆ ਕੀਤਾ ਹੋਇਆ ਹੈ। ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਹਲਕੇ ਦੇ ਸਿੱਖਿਆ ਕੋਆਰਡੀਨੇਟਰ ਅਮਨਦੀਪ ਕੌਰ ਧਾਲੀਵਾਲ, ਜ਼ਿਲਾ ਮਹਿਲਾ ਵਿੰਗ ਪ੍ਰਧਾਨ ਗੀਤਾ ਗਿੱਲ, ਨਗਰ ਪੰਚਾਇਤ ਪ੍ਰਧਾਨ ਭੱਟੀ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਪ੍ਰਧਾਨ ਅਮਿਤ ਔਲ ਆਦਿ ਮੌਜੂਦ ਸਨ।

ਮੁਕਤਸਰ ਜ਼ਿਲ੍ਹਾ ਅਦਾਲਤ ਦਾ ਵੱਡਾ ਫ਼ੈਸਲਾ, ਧੀ ਦੀ ਪੱਤ ਰੋਲਣ ਵਾਲੇ ਪਿਓ ਨੂੰ ਦਿੱਤੀ ਮਿਸਾਲੀ ਸਜ਼ਾ

ਸ੍ਰੀ ਮੁਕਤਸਰ ਸਾਹਿਬ 25 ਸਤੰਬਰ। ਮਤਰੇਏ ਬਾਪ ਵੱਲੋਂ 15 ਸਾਲ ਦੀ ਨਾਬਾਲਗ ਧੀ ਨਾਲ ਵਾਰ-ਵਾਰ ਜਬਰ-ਜ਼ਿਨਾਹ ਕਰਨ ਦੇ ਮਾਮਲੇ ਵਿਚ ਮਾਣਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਮਿਤਾ ਸਿੰਘ ਦੀ ਅਦਾਲਤ ਨੇ ਦੋਸ਼ੀ ਵਿਅਕਤੀ ਨੂੰ 20 ਸਾਲ ਦੀ ਕੈਦ ਅਤੇ 2 ਲੱਖ 20 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮਾਮਲਾ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਨਾਲ ਸਬੰਧਤ ਹੈ ਅਤੇ ਇਸ ਸਬੰਧੀ ਮਈ 2020 ਵਿਚ ਐੱਫ. ਆਈ. ਆਰ. ਦਰਜ ਕੀਤੀ ਗਈ। ਪੀੜਤਾ ਅੱਠਵੀ ਸ਼?ਰੇਣੀ ਦੀ ਬੱਚੀ ਨੇ ਖੁਦ ਹੀ ਪੁਲਸ ਨੂੰ 112 'ਤੇ ਫੋਨ ਕਰਕੇ ਇਸ ਸਬੰਧੀ

ਜਾਣਕਾਰੀ ਦਿੱਤੀ ਸੀ। ਪੀੜਤਾ ਨੇ ਦੱਸਿਆ ਕਿ ਉਸਦੀ ਮਾਤਾ ਦਾ ਵਿਆਹ ਪਹਿਲਾਂ ਪਟਿਆਲੇ ਜ਼ਿਲ੍ਹੇ ਵਿਚ ਹੋਇਆ ਸੀ ਅਤੇ ਉਹ ਆਪਣੀ ਮਾਤਾ ਦੀ ਇਕਲੌਤੀ ਧੀ ਹੈ। ਉਹ ਕਰੀਬ 3 ਸਾਲ ਦੀ ਜਦ ਉਸਦੀ ਮਾਤਾ ਨੇ ਉਸਦੇ ਪਿਤਾ ਨੂੰ ਛੱਡ ਦਿੱਤਾ ਸੀ। ਹੁਣ ਉਸਦੀ ਮਾਤਾ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਇਸ ਵਿਅਕਤੀ ਨਾਲ ਬੀਤੇ 2 ਸਾਲ ਤੋਂ ਰਹਿ ਰਹੀ ਸੀ। ਪੀੜਤਾ ਅਨੁਸਾਰ ਇਹ ਉਸਦਾ ਮਤਰੇਆ ਬਾਪ ਜਿਸਦੀ ਉਮਰ ਕਰੀਬ 32 ਸਾਲ ਉਸ ਨਾਲ ਬੀਤੇ ਕਰੀਬ 7-8 ਮਹੀਨਿਆਂ ਤੋਂ ਜਬਰ-ਜ਼ਿਨਾਹ ਕਰ ਰਿਹਾ ਸੀ ਅਤੇ ਉਸ ਨੂੰ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਹੈ। ਪੀੜਤਾਂ ਅਨੁਸਾਰ ਉਹ ਇਹ ਪੀੜਾ ਕਾਫ਼ੀ ਸਮੇਂ ਤੋਂ ਸਹਿ ਰਹੀ ਹੈ ਅਤੇ ਹੁਣ ਹੋਰ ਨਹੀਂ ਸਹਿ ਸਕਦੀ ਜਿਸ ਕਾਰਨ ਉਸਨੇ 112 'ਤੇ ਫੋਨ ਕਰਕੇ ਸਾਰੀ ਜਾਣਕਾਰੀ ਦਿੱਤੀ। ਇਸ ਮਾਮਲੇ ਵਿਚ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਪੀੜਤਾ ਦੇ ਮਤਰੇਏ ਬਾਪ 'ਤੇ ਆਈ. ਪੀ. ਸੀ. ਦੀ ਧਾਰਾ 376, 506 ਅਤੇ ਪੋਕਸੋ ਐਕਟ 6 ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਤੁਰੰਤ ਕਾਬੂ ਕੀਤਾ। ਇਸ ਸਬੰਧੀ ਮਾਣਯੋਗ ਸ੍ਰੀ ਮੁਕਤਸਰ ਸਾਹਿਬ ਦੀ ਅਦਾਲਤ ਵਿਚ ਚੱਲ ਰਹੇ ਕੇਸ 'ਚ ਅੱਜ ਸਰਕਾਰੀ ਵਕੀਲ ਆਰ. ਐੱਸ. ਜੋਸਨ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਮਾਣਯੋਗ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਮਿਤਾ ਸਿੰਘ ਦੀ ਅਦਾਲਤ ਨੇ ਦੋਸ਼ੀ ਨੂੰ ਸਜ਼ਾ ਦਾ ਐਲਾਨ ਕੀਤਾ।

ਬਜ਼ੁਰਗਾਂ ਨੂੰ ਮਿਲੀ ਵੱਡੀ ਰਾਹਤ, ਵਿਸ਼ੇਸ਼ ਸੇਵਾ ਕੀਤੀ ਗਈ ਸ਼ੁਰੂ

ਚੰਡੀਗੜ੍ਹ 25 ਸਤੰਬਰ। ਬਜ਼ੁਰਗ ਮਾਤਾ-ਪਿਤਾ ਜਾਂ ਦਾਦਾ-ਦਾਦੀ ਨੂੰ ਹਸਪਤਾਲ ਲੈ ਜਾਣਾ ਹੁਣ ਜ਼ਰੂਰੀ ਨਹੀਂ ਰਹੇਗਾ। ਚੰਡੀਗੜ੍ਹ ਪ੍ਰਸ਼ਾਸਨ ਨੇ 80 ਸਾਲ ਤੋਂ ਵੱਧ ਉਮਰ ਦੇ ਨਾਗਰਿਕਾਂ ਅਤੇ ਮਰੀਜ਼ਾਂ ਲਈ ਘਰ-ਘਰ ਡਾਕਟਰੀ ਸੇਵਾ ਸ਼ੁਰੂ ਕੀਤੀ ਹੈ। ਇਸ ਪਹਿਲ ਕਦਮੀ ਤਹਿਤ ਹੁਣ ਐਂਬੂਲੈਂਸ ਅਤੇ ਡਾਕਟਰ-ਨਰਸ ਟੀਮ ਸਿੱਧਾ ਘਰ ਜਾ ਕੇ ਇਲਾਜ ਕਰਨਗੀਆਂ। ਇਹ ਸੇਵਾ ਸੋਮਵਾਰ ਤੋਂ ਸ਼ਨੀਵਾਰ ਸਵੇਰੇ 9 ਵਜੇ ਤੋਂ ਦੁਪਹਿਰ 2 ਵਜੇ ਤੱਕ ਉਪਲੱਬਧ ਹੋਵੇਗੀ। ਟੀਮ ਵਿਚ ਡਾਕਟਰ, ਨਰਸਾਂ ਅਤੇ ਪੈਰਾਮੈਡੀਕਸ ਸਟਾਫ਼ ਸ਼ਾਮਲ ਹੋਵੇਗਾ, ਜੋ ਰੋਜ਼ਾਨਾ 5 ਤੋਂ 6 ਮਰੀਜ਼ਾਂ ਦੀ ਜਾਂਚ ਕਰੇਗੀ। ਮਰੀਜ਼ਾਂ ਨੂੰ ਘਰ 'ਤੇ ਹੀ ਜਾਂਚ, ਸਲਾਹ-ਮਸ਼ਵਰਾ, ਮੁੱਢਲਾ ਇਲਾਜ ਅਤੇ ਦਵਾਈ ਦਿੱਤੀ ਜਾਵੇਗੀ। ਗੰਭੀਰ ਮਰੀਜ਼ਾਂ ਨੂੰ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਜਾਂ ਹਸਪਤਾਲ ਵਿਚ ਦਾਖ਼ਲ ਕਰਵਾਇਆ ਜਾਵੇਗਾ। ਇਸ ਸੇਵਾ ਦਾ ਲਾਭ ਉਠਾਉਣ ਲਈ, ਮਰੀਜ਼ ਜਾਂ ਪਰਿਵਾਰਕ ਮੈਂਬਰ ਜੀ. ਐੱਮ. ਐੱਸ. ਐੱਚ-16 ਹੈਲਪਲਾਈਨ ਨੰਬਰ 0172-2782457 ਜਾਂ 0172-2752043 'ਤੇ ਕਾਲ ਕਰ ਸਕਦੇ ਹਨ। ਅਧਿਕਾਰੀ ਮਰੀਜ਼ ਦੀ ਯੋਗਤਾ ਦੀ ਜਾਂਚ ਕਰਕੇ ਲੋੜੀਂਦੀ ਜਾਣਕਾਰੀ ਦਰਜ ਕਰੇਗਾ ਅਤੇ ਟੀਮ ਦੇ ਆਉਣ ਦੇ ਅਨੁਮਾਨਿਤ ਸਮੇਂ ਦੀ ਜਾਣਕਾਰੀ ਦੇਵੇਗਾ। ਤੈਅ ਸਮੇਂ 'ਤੇ ਸਿਹਤ ਟੀਮ ਘਰ ਪਹੁੰਚ ਕੇ ਬਜ਼ੁਰਗਾਂ ਦੀ ਮਦਦ ਕਰੇਗੀ। ਸਿਹਤ ਵਿਭਾਗ ਦਾ ਕਹਿਣਾ ਹੈ ਕਿ ਇਹ ਪਹਿਲ ਸਿਰਫ਼ ਇਲਾਜ ਤੱਕ ਹੀ ਸੀਮਤ ਨਹੀਂ ਹੈ

ਆਪਰੇਸ਼ਨ ਸਿੰਦੂਰ : ਪੀੜਤਾਂ ਨੂੰ ਮਿਲ ਕੇ ਭਾਵੁਕ ਹੋਏ ਨਾਨਾ ਪਾਟੇਕਰ, ਵਧਾਇਆ ਮਦਦ ਦਾ ਹੱਥ

ਕੌਮੀ ਪਤ੍ਰਿਕਾ

ਰਾਜੌਰੀ 25 ਸਤੰਬਰ। ਸੀਨੀਅਰ ਅਦਾਕਾਰ ਨਾਨਾ ਪਾਟੇਕਰ ਪਾਕਿਸਤਾਨੀ ਗੋਲੀਬਾਰੀ ਦੇ